ਵੀਰਵਾਰ, 28 ਮਈ, 2026
14 ਜੇਠ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 74
ਅੰਕ/NO. : 357

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • THURSDAY, 28 MAY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਐੱਸ ਆਈ ਆਰ ਕਰਨ 'ਚ ਚੋਣ ਕਮਿਸ਼ਨ ਹੱਕ-ਬ-ਜਾਨਬ : ਸੁਪਰੀਮ ਕੋਰਟ

**ਚੋਣ ਕਮਿਸ਼ਨ ਨਾਗਰਿਕਤਾ ਦੀ ਘੋਖ ਕਰ ਸਕਦੈ, ਪਰ ਅੰਤਮ ਫੈਸਲਾ ਸਮਰੱਥ ਅਥਾਰਟੀ ਕਰੇਗੀ**

ਨਵੀਂ ਦਿੱਲੀ (ਨ ਜ਼ ਸ) : ਸੁਪਰੀਮ ਕੋਰਟ ਨੇ ਬੁੱਧਵਾਰ ਚੋਣ ਕਮਿਸ਼ਨ ਦੀ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੁਧਾਈ (ਐੱਸ ਆਈ ਆਰ) ਕਰਨ ਦੀ ਸ਼ਕਤੀ ਨੂੰ ਬਰਕਰਾਰ ਰੱਖਦਿਆਂ ਕਿਹਾ, "ਇਹ ਨਿਰਪੱਖ ਅਤੇ ਆਜ਼ਾਦਾਨਾ ਚੋਣਾਂ ਦੀ ਸੰਵਿਧਾਨਕ ਲੋੜ ਨੂੰ ਅੱਗੇ ਵਧਾਉਂਦੀ ਹੈ।"

ਚੀਫ ਜਸਟਿਸ ਸੂਰੀਆ ਕਾਂਤ ਦੀ ਅਗਵਾਈ ਵਾਲੀ ਬੈਂਚ, ਜਿਸ ਵਿੱਚ ਜਸਟਿਸ ਜੋਇਮਲਿਆ ਬਾਗਚੀ ਅਤੇ ਜਸਟਿਸ ਵਿਪੁਲ ਪੰਚੋਲੀ ਵੀ ਸ਼ਾਮਲ ਸਨ, ਨੇ ਟਿੱਪਣੀ ਕੀਤੀ ਕਿ ਇਹ ਨਹੀਂ ਕਿਹਾ ਜਾ ਸਕਦਾ ਕਿ ਚੋਣ ਕਮਿਸ਼ਨ ਨੇ ਐੱਸ ਆਈ ਆਰ ਦੀ ਵਰਤੋਂ ਕਰਕੇ ਕਾਨੂੰਨੀ ਸ਼ਕਤੀਆਂ ਤੋਂ ਬਾਹਰ ਜਾ ਕੇ ਕੰਮ ਕੀਤਾ ਹੈ। ਬੈਂਚ ਨੇ ਕਿਹਾ, "ਅਸੀਂ ਇਹ ਸਿੱਟਾ ਕੱਢਣ ਵਿੱਚ ਅਸਮਰੱਥ ਹਾਂ ਕਿ ਵਿਵਾਦਤ ਕਾਰਵਾਈ ਸਿਰਫ ਪ੍ਰਸ਼ਾਸਨਿਕ ਸਹੂਲਤ ਲਈ ਕੀਤੀ ਗਈ ਹੈ। ਇਸ ਦੇ ਉਲਟ, ਅਸੀਂ ਮੰਨਦੇ ਹਾਂ ਕਿ ਐੱਸ ਆਈ ਆਰ ਨਿਰਪੱਖ ਅਤੇ ਆਜ਼ਾਦਾਨਾ ਚੋਣਾਂ ਦੀ ਸੰਵਿਧਾਨਕ ਲੋੜ ਨੂੰ ਅੱਗੇ ਵਧਾਉਂਦੀ ਹੈ।"

ਐੱਸ ਆਈ ਆਰ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਚੋਣ ਕਮਿਸ਼ਨ ਕੋਲ ਸੰਵਿਧਾਨ ਦੀ ਧਾਰਾ 326, ਲੋਕ ਪ੍ਰਤੀਨਿਧਤਾ ਐਕਟ, 1950 ਅਤੇ ਇਸ ਦੇ ਤਹਿਤ ਬਣੇ ਨਿਯਮਾਂ ਦੇ ਅਧੀਨ ਵਿਆਪਕ ਰੂਪ ਵਿੱਚ ਐੱਸ ਆਈ ਆਰ ਕਰਨ ਦੀਆਂ ਸ਼ਕਤੀਆਂ ਨਹੀਂ ਹਨ।

29 ਜਨਵਰੀ ਨੂੰ ਸੁਪਰੀਮ ਕੋਰਟ ਨੇ ਐੱਨ ਜੀ ਓ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏ ਡੀ ਆਰ) ਵੱਲੋਂ ਦਾਇਰ ਪਟੀਸ਼ਨ ਸਮੇਤ ਹੋਰ ਪਟੀਸ਼ਨਾਂ 'ਤੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਸੀ। ਬਿਹਾਰ ਵਿੱਚ ਐੱਸ ਆਈ ਆਰ ਸਭ ਤੋਂ ਪਹਿਲਾਂ ਕੀਤੀ ਗਈ ਸੀ। ਸੁਪਰੀਮ ਕੋਰਟ ਨੇ ਪਿਛਲੇ ਸਾਲ 12 ਅਗਸਤ ਨੂੰ ਇਸ ਮਾਮਲੇ ਵਿੱਚ ਅੰਤਮ ਬਹਿਸ ਸ਼ੁਰੂ ਕੀਤੀ ਸੀ, ਜਦੋਂ ਉਸ ਨੇ ਟਿੱਪਣੀ ਕੀਤੀ ਸੀ ਕਿ ਵੋਟਰ ਸੂਚੀਆਂ ਵਿੱਚ ਨਾਂਅ ਸ਼ਾਮਲ ਕਰਨਾ ਜਾਂ ਬਾਹਰ ਕੱਢਣਾ ਚੋਣ ਕਮਿਸ਼ਨ ਦੇ ਸੰਵਿਧਾਨਕ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਚੋਣ ਅਥਾਰਟੀ ਨੇ 65 ਲੱਖ ਲੋਕਾਂ ਦੇ ਨਾਂਅ ਜਾਰੀ ਕੀਤੇ ਸਨ, ਜਿਨ੍ਹਾਂ ਨੂੰ ਐੱਸ ਆਈ ਆਰ ਕਾਰਵਾਈ ਦੇ ਹਿੱਸੇ ਵਜੋਂ ਪ੍ਰਕਾਸ਼ਤ ਡਰਾਫਟ ਵੋਟਰ ਸੂਚੀਆਂ ਵਿੱਚੋਂ ਹਟਾ ਦਿੱਤਾ ਗਿਆ ਸੀ। ਐੱਸ ਆਈ ਆਰ ਨੋਟੀਫਿਕੇਸ਼ਨ ਮੁਤਾਬਕ ਜਿਹੜੇ ਵੋਟਰ 2002 ਜਾਂ 2003 ਦੀਆਂ ਸੂਚੀਆਂ ਵਿੱਚ ਮੌਜੂਦ ਨਹੀਂ ਸਨ, ਉਨ੍ਹਾਂ ਨੂੰ ਉਸ ਸਮੇਂ ਸੂਚੀਆਂ ਵਿੱਚ ਮੌਜੂਦ ਕਿਸੇ ਵਿਅਕਤੀ ਨਾਲ ਜੱਦੀ ਸੰਬੰਧ ਦਿਖਾਉਣੇ ਪਏ ਸਨ।

ਐੱਸ ਆਈ ਆਰ ਕਾਰਵਾਈ ਦਾ ਬਚਾਅ ਕਰਦੇ ਹੋਏ, ਚੋਣ ਕਮਿਸ਼ਨ ਨੇ ਕਿਹਾ ਸੀ ਕਿ ਆਧਾਰ ਅਤੇ ਵੋਟਰ ਸ਼ਨਾਖਤੀ ਕਾਰਡਾਂ ਨੂੰ ਨਾਗਰਿਕਤਾ ਦੇ ਨਿਰਣਾਇਕ ਸਬੂਤ ਵਜੋਂ ਨਹੀਂ ਮੰਨਿਆ ਜਾ ਸਕਦਾ ਹੈ। ਪਟੀਸ਼ਨਰਾਂ ਨੇ ਦੋਸ਼ ਲਾਇਆ ਸੀ ਕਿ ਵੋਟਰ ਸੂਚੀਆਂ ਦੀ ਸੋਧ ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼ (ਐੱਨ ਆਰ ਸੀ) ਵਰਗੀ ਪ੍ਰਕਿਰਿਆ ਸੀ, ਜਿੱਥੇ ਚੋਣ ਸੰਸਥਾ ਨਾਗਰਿਕਤਾ ਦੀ ਪੁਸ਼ਟੀ ਕਰ ਰਹੀ ਸੀ, ਜੋ ਕਿ ਕੇਂਦਰ ਸਰਕਾਰ ਦੀ ਸ਼ਕਤੀ ਹੈ।

## ਨਾਗਰਿਕਤਾ ਜਾਣ ਦਾ ਖਤਰਾ !

ਬੈਂਚ ਨੇ ਵੋਟਰ ਸੂਚੀ ਨਾਲ ਸੰਬੰਧਤ ਨਾਗਰਿਕਤਾ ਦੇ ਮੁੱਦੇ ਨੂੰ ਵੀ ਸਪੱਸ਼ਟ ਕੀਤਾ। ਲੋਕਾਂ ਲਈ ਆਪਣੀ ਨਾਗਰਿਕਤਾ ਸਥਿਤੀ ਬਾਰੇ ਸੁਪਰੀਮ ਕੋਰਟ ਦੇ ਸਪੱਸ਼ਟੀਕਰਨ ਨੂੰ ਸਮਝਣਾ ਮਹੱਤਵਪੂਰਨ ਹੈ। ਕੀ ਚੋਣ ਕਮਿਸ਼ਨ ਕਿਸੇ ਵਿਅਕਤੀ ਦੀ ਨਾਗਰਿਕਤਾ ਨੂੰ ਸੀਮਤ ਦਾਇਰੇ ਵਿੱਚ ਨਿਰਧਾਰਤ ਕਰ ਸਕਦਾ ਹੈ? ਸੁਪਰੀਮ ਕੋਰਟ ਨੇ ਕਿਹਾ ਕਿ ਕਮਿਸ਼ਨ ਅਜਿਹਾ ਕਰ ਸਕਦਾ ਹੈ, ਪਰ ਸਿਰਫ ਇਹ ਫੈਸਲਾ ਲੈਣ ਦੇ ਸੀਮਤ ਉਦੇਸ਼ ਲਈ ਕਿ ਕਿਸੇ ਵਿਅਕਤੀ ਦਾ



ਨਾਂਅ ਵੋਟਰ ਸੂਚੀ ਵਿੱਚ ਸ਼ਾਮਲ ਕਰਨਾ ਹੈ ਜਾਂ ਨਹੀਂ। ਇਸ ਦੇ ਨਤੀਜੇ ਵਜੋਂ ਵਿਅਕਤੀ ਦੀ ਨਾਗਰਿਕਤਾ ਰੱਦ ਨਹੀਂ ਕੀਤੀ ਜਾਵੇਗੀ। ਜੇ ਕਿਸੇ ਵਿਅਕਤੀ ਵੱਲੋਂ ਜਮ੍ਹਾਂ ਕਰਾਏ ਗਏ ਦਸਤਾਵੇਜ਼ ਭਰੋਸੇਯੋਗ ਨਹੀਂ ਜਾਪਦੇ ਜਾਂ ਸ਼ੱਕੀ ਹਨ, ਤਾਂ ਚੋਣ ਕਮਿਸ਼ਨ ਉਸ ਨੂੰ ਵੋਟਰ ਸੂਚੀ ਵਿੱਚ ਸ਼ਾਮਲ ਕਰਨ ਤੋਂ ਇਨਕਾਰ ਕਰ ਸਕਦਾ ਹੈ ਜਾਂ ਕਾਨੂੰਨ ਅਨੁਸਾਰ ਉਸ ਦਾ ਨਾਂਅ ਹਟਾਉਣ ਲਈ ਕਾਰਵਾਈ ਕਰ ਸਕਦਾ ਹੈ। ਬੈਂਚ ਨੇ ਕਿਹਾ ਕਿ ਜੇ ਕਮਿਸ਼ਨ ਕਿਸੇ ਵਿਅਕਤੀ ਦੀ ਪਾਤਰਤਾ ਤੋਂ ਸੰਤੁਸ਼ਟ ਨਹੀਂ ਹੈ ਤਾਂ ਉਸ ਨੂੰ ਉਸ ਵਿਅਕਤੀ ਦੇ ਮਾਮਲੇ ਨੂੰ ਕੇਂਦਰ ਸਰਕਾਰ ਦੇ ਅੰਦਰ ਸਮਰੱਥ ਅਧਿਕਾਰੀ ਕੋਲ ਭੇਜਣਾ ਪਵੇਗਾ। ਚੋਣ ਕਮਿਸ਼ਨ ਦਾ ਫੈਸਲਾ ਵੋਟਰ ਸੂਚੀ ਤੱਕ ਸੀਮਤ ਹੋਵੇਗਾ ਅਤੇ ਨਾਗਰਿਕਤਾ ਦਾ ਅੰਤਮ ਨਿਰਧਾਰਨ ਸੰਬੰਧਤ ਟ੍ਰਿਬਿਊਨਲ ਵੱਲੋਂ ਕੀਤਾ ਜਾਵੇਗਾ। ਸੁਪਰੀਮ ਕੋਰਟ ਦੇ 27 ਮਈ ਦੇ ਫੈਸਲੇ ਨੇ ਭਾਰਤੀ ਚੋਣ ਕਮਿਸ਼ਨ ਨੂੰ ਅਸਲ ਵਿੱਚ ਅਸੀਮਤ ਸ਼ਕਤੀਆਂ ਦੇ ਦਿੱਤੀਆਂ ਹਨ। ਵਿਰੋਧੀ ਧਿਰਾਂ ਅਤੇ ਜਨਤਕ ਸੰਗਠਨਾਂ ਦੇ ਦੋਸ਼ ਤੇ ਡਰ ਕਿ ਨਾਗਰਿਕਤਾ

• ਬਾਕੀ ਸਫਾ 2 'ਤੇ

## ਹੁਣ ਭਾਜਪਾ ਹੀ ਤੈਅ ਕਰੇਗੀ ਕਿ ਵੋਟ ਕੌਣ ਪਾਏਗਾ : ਯੋਗੇਂਦਰ ਯਾਦਵ



ਐੱਸ ਆਈ ਆਰ ਦੇ ਵਾਜਬ ਹੋਣ ਨੂੰ ਚੈਲੰਜ ਕਰਨ ਵਾਲਿਆਂ ਨੇ ਕਿਹਾ ਹੈ ਕਿ ਸੁਪਰੀਮ ਕੋਰਟ ਦੇ ਫੈਸਲੇ ਨੇ 'ਜਲਦਬਾਜ਼ੀ' ਅਤੇ 'ਪੱਖਪਾਤੀ' ਮੁਹਿੰਮ ਵਿੱਚ ਲੱਖਾਂ ਵੋਟਰਾਂ ਦੇ ਵੋਟ ਅਧਿਕਾਰ ਤੋਂ ਵਾਂਝੇ ਹੋਣ 'ਤੇ ਪ੍ਰਵਾਨਗੀ ਦੀ ਮੋਹਰ ਲਗਾ ਦਿੱਤੀ ਹੈ। ਐੱਸ ਆਈ ਆਰ ਨੂੰ ਚੁਣੌਤੀ ਦੇਣ ਵਾਲੇ ਪਹਿਲੇ ਵਿਅਕਤੀ ਐਸੋਸੀਏਸ਼ਨ ਆਫ ਡੈਮੋਕ੍ਰੇਟਿਕ ਰਿਫਾਰਮਜ਼ ਦੇ ਮੁਖੀ ਮੇਜਰ ਜਨਰਲ ਅਨਿਲ ਵਰਮਾ (ਸੇਵਾਮੁਕਤ) ਨੇ ਕਿਹਾ ਕਿ ਇਹ ਫੈਸਲਾ ਨਿਰਾਸ਼ਾਜਨਕ ਹੈ।

ਇੱਕ ਹੋਰ ਪਟੀਸ਼ਨਰ ਸਵਰਾਜ ਇੰਡੀਆ ਦੇ ਪ੍ਰਧਾਨ ਯੋਗੇਂਦਰ ਯਾਦਵ ਨੇ ਕਿਹਾ ਕਿ ਉਹ ਇਸ ਫੈਸਲੇ ਤੋਂ ਹੈਰਾਨ ਨਹੀਂ ਹੋਏ, ਕਿਉਂਕਿ ਫੈਸਲਾ ਬਹੁਤ ਪਹਿਲਾਂ ਲੈ ਲਿਆ ਗਿਆ ਸੀ। ਸੁਪਰੀਮ ਕੋਰਟ ਦਾ ਫੈਸਲਾ ਅਨੁਮਾਨਤ ਸੀ ਅਤੇ ਦਾਅਵਾ ਕੀਤਾ ਕਿ ਹੁਣ ਸੱਤਾਧਾਰੀ ਭਾਜਪਾ ਇਹ ਫੈਸਲਾ ਕਰੇਗੀ ਕਿ ਕੌਣ ਵੋਟ ਪਾ ਸਕਦਾ ਹੈ ਅਤੇ ਕੌਣ ਨਹੀਂ।

ਸੁਪਰੀਮ ਕੋਰਟ ਦੇ ਫੈਸਲੇ ਦੀ ਸਖਤ ਆਲੋਚਨਾ ਕਰਦਿਆਂ ਉਨ੍ਹਾ ਕਿਹਾ ਕਿ ਅਦਾਲਤ ਨੇ ਇਸ ਅਭਿਆਸ ਦੀ ਸੰਵਿਧਾਨਕ ਵੈਧਤਾ ਦੀ ਸਮੀਖਿਆ ਕਰਨ ਤੋਂ ਹਟ ਕੇ ਸ਼ਿਕਾਇਤ ਨਿਵਾਰਨ ਅਤੇ ਸਾਲਸੀ 'ਤੇ ਧਿਆਨ ਕੇਂਦਰਤ ਕੀਤਾ। ਯਾਦਵ ਨੇ ਕਿਹਾ ਕਿ ਉਨ੍ਹਾ ਸੁਣਵਾਈ ਵਿੱਚ ਸ਼ਾਮਲ ਨਾ ਹੋਣ ਦਾ ਫੈਸਲਾ ਇਸੇ ਕਰਕੇ ਕੀਤਾ ਸੀ, ਕਿਉਂਕਿ ਉਨ੍ਹਾ ਨੂੰ ਨਤੀਜਾ ਬਹੁਤ ਪਹਿਲਾਂ ਸਪੱਸ਼ਟ ਹੋ ਗਿਆ ਸੀ। ਸੁਪਰੀਮ ਕੋਰਟ ਨੇ ਬਿਹਾਰ ਬਾਰੇ ਫੈਸਲਾ ਕਰਨ ਤੋਂ ਬਿਨਾਂ ਹੋਰਨਾਂ ਰਾਜਾਂ

• ਬਾਕੀ ਸਫਾ 2 'ਤੇ

# ਬਾਪੂ ਆਸਾ ਰਾਮ ਸਮੂਹਕ ਜਬਰ-ਜ਼ਨਾਹ ਦੇ ਦੋਸ਼ ਤੋਂ ਬਰੀ

**ਜੋਧਪੁਰ (ਨ ਜ਼ ਸ)**- ਰਾਜਸਥਾਨ ਹਾਈ ਕੋਰਟ ਨੇ ਖੁਦਸਾਖਤਾ ਗੌਡਮੈਨ (ਧਰਮਗੁਰੂ) ਆਸਾ ਰਾਮ ਨੂੰ ਬੁੱਧਵਾਰ ਆਈ ਪੀ ਸੀ ਅਤੇ ਪੋਕਸੋ ਐਕਟ ਤਹਿਤ ਸਮੂਹਕ ਜਬਰ-ਜ਼ਨਾਹ ਅਤੇ ਬੱਚੀ 'ਤੇ ਸਮੂਹਕ ਜਿਨਸੀ ਹਮਲੇ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ, ਜਦਕਿ ਨਾਬਾਲਗ ਨਾਲ ਜਬਰ-ਜ਼ਨਾਹ ਲਈ ਉਸ ਦੀ ਸਜ਼ਾ ਨੂੰ ਬਰਕਰਾਰ ਰੱਖਿਆ, ਜਿਸ ਕਾਰਨ ਆਸਾ ਰਾਮ ਨੂੰ ਉਮਰ ਕੈਦ ਦੀ ਸਜ਼ਾ ਭੁਗਤਣੀ ਪਵੇਗੀ। ਜਸਟਿਸ ਅਰੁਣ ਮੋਂਗਾ ਅਤੇ ਜਸਟਿਸ ਯੋਗੇਂਦਰ ਕੁਮਾਰ ਪੁਰੋਹਿਤ ਦੀ ਡਿਵੀਜ਼ਨ ਬੈਂਚ ਨੇ ਆਸਾ ਰਾਮ ਨੂੰ ਆਈ ਪੀ ਸੀ ਦੀ ਧਾਰਾ 376 (ਡੀ) ਅਤੇ ਪੋਕਸੋ ਐਕਟ ਦੀਆਂ ਧਾਰਾਵਾਂ 5(ਜੀ)/6 ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਹੈ। ਅਦਾਲਤ ਨੇ ਉਸ ਨੂੰ ਅਪਰਾਧਕ ਸਾਜ਼ਿਸ਼ ਨਾਲ ਸੰਬੰਧਤ ਆਈ ਪੀ ਸੀ ਦੀ ਧਾਰਾ 120(ਬੀ) ਦੇ ਦੋਸ਼ਾਂ ਤੋਂ ਵੀ ਡਿਸਚਾਰਜ ਕਰ ਦਿੱਤਾ ਹੈ। ਹਾਲਾਂਕਿ, ਬੈਂਚ ਨੇ ਨਾਬਾਲਗ ਨਾਲ ਜਬਰ-ਜ਼ਨਾਹ ਨਾਲ ਸੰਬੰਧਤ ਆਈ ਪੀ ਸੀ ਦੀ ਧਾਰਾ 376(2) (ਐੱਫ) ਤਹਿਤ ਉਸ ਦੀ ਸਜ਼ਾ ਨੂੰ ਬਰਕਰਾਰ ਰੱਖਿਆ ਹੈ, ਜਿਸ ਨਾਲ ਹੇਠਲੀ ਅਦਾਲਤ ਵੱਲੋਂ ਦਿੱਤੀ ਗਈ ਉਮਰ ਕੈਦ ਦੀ ਸਜ਼ਾ ਬਰਕਰਾਰ ਰਹੇਗੀ। ਅਦਾਲਤ ਨੇ ਆਸਾ ਰਾਮ ਨੂੰ ਸਜ਼ਾ ਦੇ ਮੱਦੇਨਜ਼ਰ ਆਤਮਸਮਰਪਣ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਹ ਇਸ ਸਮੇਂ ਅਸਥਾਈ ਜ਼ਮਾਨਤ 'ਤੇ ਬਾਹਰ ਹੈ, ਜਿਸ ਨੂੰ ਸੋਮਵਾਰ ਨੂੰ ਸੱਤ ਦਿਨਾਂ ਲਈ ਵਧਾਇਆ ਗਿਆ ਸੀ। ਹਾਈ ਕੋਰਟ ਨੇ ਆਈ ਪੀ ਸੀ ਦੀਆਂ ਕਈ ਹੋਰ ਧਾਰਾਵਾਂ, ਜਿਵੇਂ ਕਿ 342 (ਗੈਰਕਾਨੂੰਨੀ ਤੌਰ 'ਤੇ ਨਜ਼ਰਬੰਦ ਕਰਨਾ), 370(4) (ਤਸਕਰੀ), 506 (ਅਪਰਾਧਕ ਧਮਕੀ),



509 (ਔਰਤ ਦੀ ਮਰਿਆਦਾ ਨੂੰ ਠੇਸ ਪਹੁੰਚਾਉਣਾ), 354(ਏ) (ਜਿਨਸੀ ਸ਼ੋਸ਼ਣ) ਦੇ ਨਾਲ-ਨਾਲ ਪੋਕਸੋ ਐਕਟ ਦੀਆਂ ਧਾਰਾਵਾਂ 7/8 ਅਤੇ ਜੁਵੇਨਾਈਲ ਜਸਟਿਸ ਐਕਟ ਦੀ ਧਾਰਾ 23 ਤਹਿਤ ਸਜ਼ਾਵਾਂ ਨੂੰ ਵੀ ਬਰਕਰਾਰ ਰੱਖਿਆ ਹੈ। ਬੈਂਚ ਨੇ ਆਈ ਪੀ ਸੀ ਦੀ ਧਾਰਾ 376 ਅਤੇ ਪੋਕਸੋ ਐਕਟ ਦੀ ਧਾਰਾ 34 ਤਹਿਤ ਵੀ ਉਸ ਦੀ ਸਜ਼ਾ ਨੂੰ ਬਰਕਰਾਰ ਰੱਖਿਆ ਹੈ। ਇਸ ਦੌਰਾਨ ਅਦਾਲਤ ਨੇ ਸਹਿ-ਮੁਲਜ਼ਮ ਸੰਚਿਤਾ ਗੁਪਤਾ ਉਰਫ ਸ਼ਿਲਪੀ ਅਤੇ ਸ਼ਰਤ ਚੰਦਰ ਨੂੰ ਬਰੀ ਕਰ ਦਿੱਤਾ ਹੈ, ਜਿਨ੍ਹਾਂ ਨੂੰ ਪਹਿਲਾਂ ਕ੍ਰਮਵਾਰ 120(ਬੀ) ਨਾਲ ਪੜ੍ਹੀਆਂ ਜਾਣ ਵਾਲੀਆਂ ਧਾਰਾਵਾਂ 370(4) ਅਤੇ 370(ਡੀ) ਤਹਿਤ ਦੋਸ਼ੀ ਠਹਿਰਾਇਆ ਗਿਆ ਸੀ।

ਬੈਂਚ ਨੇ ਆਸਾ ਰਾਮ ਅਤੇ ਸਹਿ-ਮੁਲਜ਼ਮਾਂ ਵੱਲੋਂ ਦਾਇਰ ਅਪੀਲਾਂ 'ਤੇ ਸੁਣਵਾਈ ਪੂਰੀ ਕਰਨ ਤੋਂ ਬਾਅਦ 20 ਅਪਰੈਲ ਨੂੰ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਸੀ। ਫੈਸਲਾ ਸੁਣਾਉਣ ਤੋਂ ਪਹਿਲਾਂ ਅਦਾਲਤ ਨੇ ਕਥਿਤ ਤੌਰ 'ਤੇ ਟਿੱਪਣੀ ਕੀਤੀ ਕਿ ਉਸ ਕੋਲ ਮੁਲਜ਼ਮ ਲਈ ਚੰਗੀ ਅਤੇ ਮਾੜੀ ਖਬਰ ਦਾ 'ਮਿਸ਼ਰਤ ਬੈਗ' ਹੈ ਅਤੇ ਪੁੱਛਿਆ ਕਿ ਉਹ ਪਹਿਲਾਂ ਕਿਹੜਾ ਹਿੱਸਾ ਸੁਣਨਾ ਚਾਹੁੰਦਾ ਹੈ। ਆਸਾ ਰਾਮ ਨੂੰ 25 ਅਪਰੈਲ, 2018 ਨੂੰ ਆਪਣੇ ਆਸ਼ਰਮ ਵਿੱਚ ਇੱਕ ਨਾਬਾਲਗ ਵਿਦਿਆਰਥਣ ਨਾਲ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਆਈ ਪੀ ਸੀ, ਪੋਕਸੋ ਐਕਟ ਅਤੇ ਜੁਵੇਨਾਈਲ ਜਸਟਿਸ ਐਕਟ ਦੀਆਂ ਕਈ ਧਾਰਾਵਾਂ ਤਹਿਤ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

# ਪਾਣੀ ਪੀਂਦੇ ਤੇ ਪਿਲਾਉਂਦੇ ਰਹੋ : ਮੋਦੀ

**ਨਵੀਂ ਦਿੱਲੀ (ਨ ਜ਼ ਸ)**- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਦੇਸ਼ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਵਧ ਰਹੇ ਤਾਪਮਾਨ ਨੂੰ ਦੇਖਦੇ ਹੋਏ ਵੱਧ ਤੋਂ ਵੱਧ ਸਾਵਧਾਨੀ ਵਰਤਣ। ਸਰੀਰ ਵਿੱਚ ਪਾਣੀ ਦੀ ਕਮੀ ਨਾ ਹੋਣ ਦੇਣਾ ਸਭ ਤੋਂ ਜ਼ਰੂਰੀ ਹੈ। ਕਿਸੇ ਨੂੰ ਵੀ ਗਰਮੀ ਕਾਰਨ ਹੋਣ ਵਾਲੀ ਥਕਾਵਟ ਦੇ ਸ਼ੁਰੂਆਤੀ ਲੱਛਣਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ, ਕਿਉਂਕਿ ਇਹ ਬਹੁਤ ਜਲਦੀ ਖ਼ਤਰਨਾਕ ਰੂਪ ਧਾਰਨ ਕਰ ਸਕਦੀ ਹੈ ਅਤੇ ਲੂ ਲੱਗਣ ਦਾ ਕਾਰਨ ਬਣ ਸਕਦੀ ਹੈ। ਉਨ੍ਹਾ ਸਾਰਿਆਂ ਨੂੰ ਪਾਣੀ ਪੀਂਦੇ ਰਹਿਣ, ਜਦੋਂ ਵੀ ਬਾਹਰ ਨਿਕਲੋ ਤਾਂ ਪਾਣੀ ਨਾਲ ਲੈ ਕੇ ਜਾਣ ਅਤੇ ਦੂਜਿਆਂ ਨੂੰ ਵੀ ਪਾਣੀ ਪਿਲਾਉਣ ਦੀ ਅਪੀਲ ਕੀਤੀ। ਅਜਿਹੇ ਮੌਸਮ ਵਿੱਚ ਦਿਖਾਈ ਗਈ ਇਹ ਹਮਦਰਦੀ ਬਹੁਤ ਮਦਦਗਾਰ ਸਾਬਤ ਹੁੰਦੀ ਹੈ। ਮੋਦੀ ਨੇ ਕਿਹਾ ਕਿ ਗਰਮੀ ਕਾਰਨ ਚੱਕਰ ਆਉਣ, ਜੀਅ ਕੱਚਾ ਹੋਣ ਜਾਂ ਬਹੁਤ ਜ਼ਿਆਦਾ ਥਕਾਵਟ ਵਰਗੇ ਲੱਛਣਾਂ 'ਤੇ ਨਜ਼ਰ ਰੱਖੋ। ਜੇਕਰ ਤੁਹਾਡੇ ਆਲੇ-ਦੁਆਲੇ ਕੋਈ ਬਿਮਾਰ ਜਾਂ ਕਮਜ਼ੋਰੀ ਮਹਿਸੂਸ ਕਰਦਾ ਹੈ ਜਾਂ ਉਸ ਦੇ ਸਿਰ ਵਿੱਚ ਦਰਦ ਹੁੰਦਾ ਹੈ, ਤਾਂ ਉਸ ਨੂੰ ਤੁਰੰਤ ਕਿਸੇ ਠੰਢੀ ਅਤੇ ਛਾਂਦਾਰ ਥਾਂ 'ਤੇ ਲੈ ਕੇ ਜਾਓ। ਉਨ੍ਹਾ ਨਾਗਰਿਕਾਂ ਨੂੰ ਪ੍ਰਭਾਵਤ ਲੋਕਾਂ ਦੀ ਮਦਦ ਕਰਨ ਅਤੇ ਉਨ੍ਹਾਂ ਨੂੰ ਪਾਣੀ, ਓ ਆਰ ਐੱਸ ਆਦਿ ਦੇਣਾ ਯਕੀਨੀ ਬਣਾਉਣ ਲਈ ਕਿਹਾ ਤਾਂ ਜੋ ਉਨ੍ਹਾਂ ਨੂੰ ਰਾਹਤ ਮਿਲ ਸਕੇ। ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜਦੋਂ ਵੀ ਸੰਭਵ ਹੋਵੇ, ਆਪਣੇ ਬਜ਼ੁਰਗ ਮਾਤਾ-ਪਿਤਾ, ਦਾਦਾ-ਦਾਦੀ ਅਤੇ ਪਿਆਰਿਆਂ ਨੂੰ ਫੋਨ ਕਰਕੇ ਉਨ੍ਹਾਂ ਦਾ ਹਾਲ-ਚਾਲ ਪੁੱਛਣ। ਉਨ੍ਹਾਂ ਨੂੰ ਪਾਣੀ ਪੀਂਦੇ ਰਹਿਣ, ਦੁਪਹਿਰ ਦੇ ਸਮੇਂ ਬਾਹਰ ਨਿਕਲਣ ਤੋਂ ਬਚਣ ਅਤੇ ਵੱਧ ਤੋਂ ਵੱਧ ਆਰਾਮ ਕਰਨ ਦੀ ਸਲਾਹ ਦੇਣ। ਉਨ੍ਹਾ ਕਿਹਾ ਕਿ ਆਪਣੇ ਘਰਾਂ ਦੇ ਬਾਹਰ, ਬਾਲਕੋਨੀਆਂ, ਛੱਤਾਂ, ਦੁਕਾਨਾਂ ਜਾਂ ਦਫਤਰਾਂ ਦੇ ਬਾਹਰ ਪਾਣੀ ਦਾ ਇੱਕ ਛੋਟਾ ਜਿਹਾ ਕਟੋਰਾ ਜ਼ਰੂਰ ਰੱਖੋ, ਜੋ ਕਿਸੇ ਪਿਆਸੇ ਪੰਛੀ ਲਈ ਜੀਵਨ ਰੇਖਾ ਬਣ ਸਕਦਾ ਹੈ।

## ਅਮਰੀਕਾ ਜਾਂਦਾ ਜਹਾਜ਼ ਅੱਧਵਾਟਿਓਂ ਪਰਤਿਆ

**ਨਵੀਂ ਦਿੱਲੀ (ਨ ਜ਼ ਸ)**- ਬੁੱਧਵਾਰ ਸਵੇਰੇ ਸਾਨ ਫਰਾਂਸਿਸਕੋ (ਅਮਰੀਕਾ) ਜਾ ਰਿਹਾ ਏਅਰ ਇੰਡੀਆ ਦਾ ਜਹਾਜ਼ ਹਵਾ ਵਿੱਚ ਤਕਰੀਬਨ 8 ਘੰਟੇ ਬਿਤਾਉਣ ਤੋਂ ਬਾਅਦ ਤਕਨੀਕੀ ਖਰਾਬੀ ਕਾਰਨ ਦਿੱਲੀ ਪਰਤ ਆਇਆ। ਜਹਾਜ਼ ਵਿੱਚ ਕਰੀਬ 230 ਯਾਤਰੀ ਸਵਾਰ ਸਨ। ਜਹਾਜ਼ ਨੇ ਉਡਾਣ ਭਰਨ ਦੇ 3 ਘੰਟੇ ਬਾਅਦ, ਜਦੋਂ ਉਹ ਚੀਨ ਦੇ ਹਵਾਈ ਖੇਤਰ ਵਿੱਚ ਸੀ, ਵਾਪਸ ਮੁੜਨਾ ਸ਼ੁਰੂ ਕੀਤਾ।

## ਏਅਰ ਇੰਡੀਆ ਉਡਾਨਾਂ ਘਟਾਏਗੀ

**ਨਵੀਂ ਦਿੱਲੀ (ਨ ਜ਼ ਸ)**- ਏਅਰ ਇੰਡੀਆ ਤੇਲ ਦੀਆਂ ਉੱਚੀਆਂ ਕੀਮਤਾਂ ਕਾਰਨ ਵਧ ਰਹੇ ਖਰਚਿਆਂ ਦੇ ਮੱਦੇਨਜ਼ਰ ਆਪਣੀਆਂ ਘਰੇਲੂ ਉਡਾਣਾਂ ਵਿੱਚ 22 ਫੀਸਦੀ ਤੱਕ ਦੀ ਕਟੌਤੀ ਕਰੇਗੀ। ਉਸ ਨੇ ਆਪਣੀਆਂ ਅੰਤਰਰਾਸ਼ਟਰੀ ਉਡਾਣਾਂ ਵਿੱਚ ਵੀ ਲੱਗਭੱਗ 27 ਫੀਸਦੀ ਦੀ ਕਟੌਤੀ ਕੀਤੀ ਹੈ। ਏਅਰ ਇੰਡੀਆ ਲੱਗਭੱਗ 4,400 ਹਫਤਾਵਾਰੀ ਉਡਾਨਾਂ ਦਾ ਸੰਚਾਲਨ ਕਰਦੀ ਹੈ। ਇਨ੍ਹਾਂ ਵਿੱਚੋਂ ਲੱਗਭੱਗ 3,600 ਘਰੇਲੂ ਅਤੇ 800 ਕੌਮਾਂਤਰੀ ਹਨ।

## ਪਹਿਲੀ ਹਾਈਡ੍ਰੋਜਨ ਟ੍ਰੇਨ ਹਰਿਆਣਾ 'ਚ ਚੱਲੇਗੀ

**ਨਵੀਂ ਦਿੱਲੀ (ਨ ਜ਼ ਸ)**- ਰੇਲ ਮੰਤਰਾਲੇ ਨੇ ਹਰਿਆਣਾ ਦੇ ਜੀਂਦ ਅਤੇ ਸੋਨੀਪਤ ਵਿਚਕਾਰ 10 ਡੱਬਿਆਂ ਵਾਲੀ ਹਾਈਡ੍ਰੋਜਨ ਡੀ ਈ ਐੱਮ ਯੂ ਟ੍ਰੇਨ ਸੇਵਾ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਭਾਰਤ ਦੀ ਇਸ ਤਰ੍ਹਾਂ ਦੀ ਪਹਿਲੀ ਟ੍ਰੇਨ ਹੋਵੇਗੀ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਦੱਸਿਆ ਕਿ ਇਹ ਟ੍ਰੇਨ ਵੱਧ ਤੋਂ ਵੱਧ 75 ਕਿੱਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਚੱਲੇਗੀ ਅਤੇ ਇਸ ਦੇ ਟ੍ਰਾਇਲ ਪਹਿਲਾਂ ਹੀ ਕੀਤੇ ਜਾ ਚੁੱਕੇ ਹਨ।

## ਗੁਜਰਾਤ ਦੀ ਬੰਦਰਗਾਹ ਨੇੜੇ 115 ਕਿੱਲੋ ਕੋਕੀਨ ਫੜੀ

**ਅਹਿਮਦਾਬਾਦ (ਨ ਜ਼ ਸ)** - ਭਾਰਤੀ ਕੋਸਟ ਗਾਰਡ ਅਤੇ ਗੁਜਰਾਤ ਐਂਟੀ-ਟੈਰੋਰਿਸਟ ਸਕੁਐਡ ਨੇ 25 ਅਤੇ 26 ਮਈ ਦੀ ਦਰਮਿਆਨੀ ਰਾਤ ਇੱਕ ਸਾਂਝੇ ਅਪ੍ਰੇਸ਼ਨ ਦੌਰਾਨ ਸੂਬੇ ਦੇ ਮੁੰਦਰਾ ਤੱਟ ਨੇੜੇ 'ਐੱਮ ਵੀ ਯੂਰਪ' ਨਾਂਅ ਦੇ ਕੰਟੇਨਰ ਜਹਾਜ਼ ਵਿੱਚੋਂ 115 ਕਿੱਲੋ ਕੋਕੀਨ ਬਰਾਮਦ ਕੀਤੀ ਹੈ, ਜਿਸ ਦੀ ਕੀਮਤ ਤਕਰੀਬਨ 1,150 ਕਰੋੜ ਰੁਪਏ ਹੈ।

ਸਾਂਝੀ ਟੀਮ ਨੇ ਦੇਖਿਆ ਕਿ ਰਾਤ ਦੇ ਹਨ੍ਹੇਰੇ ਵਿੱਚ ਜਹਾਜ਼ ਤੋਂ ਕੁਝ ਬੈਗ ਸਮੁੰਦਰ ਵਿੱਚ ਸੁੱਟੇ ਜਾ ਰਹੇ ਸਨ। ਬੈਗਾਂ ਵਿੱਚੋਂ ਚਿੱਟੇ ਰੰਗ ਦੇ ਪਾਊਡਰ ਦੇ 115 ਪੈਕੇਟ ਮਿਲੇ, ਜਿਨ੍ਹਾਂ ਵਿੱਚੋਂ ਹਰੇਕ ਦਾ ਵਜ਼ਨ ਲਗਪਗ ਇੱਕ ਕਿੱਲੋ ਸੀ। ਸ਼ੁਰੂਆਤੀ ਟੈਸਟਾਂ ਵਿੱਚ ਇਸ ਪਦਾਰਥ ਦੇ ਕੋਕੀਨ ਹੋਣ ਦੀ ਪੁਸ਼ਟੀ ਹੋਈ ਹੈ।

## ਕਾਮਰੇਡ ਰੂੜਾ ਰਾਮ ਨੂੰ ਭਰਪੂਰ ਸ਼ਰਧਾਂਜਲੀਆਂ



ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸੂਰਤ ਸਿੰਘ ਧਰਮਕੋਟ, ਰਸ਼ਪਾਲ ਕੈਲੇ, ਡਾ. ਜਗਤਾਰ ਸਿੰਘ ਚੰਦੀ, ਮਾਸਟਰ ਜਤਿੰਦਰ ਪਾਲ ਬੱਲਾ ਤੇ ਅਮਨਦੀਪ ਸੈਦਪੁਰੀ।

**ਸ਼ਾਹਕੋਟ (ਗਿਆਨ ਸੈਦਪੁਰੀ)** 'ਤੰਗੀਆਂ-ਤੁਰਸ਼ੀਆਂ ਹੁੰਦਿਆਂ ਵੀ ਲੋਕਾਂ ਲਈ ਸੰਘਰਸ਼ ਕਰਦੇ ਰਹਿਣਾ ਕਿਸੇ ਆਮ ਵਿਅਕਤੀ ਦਾ ਕੰਮ ਨਹੀਂ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਕੁਲ ਹਿੰਦ ਕਿਸਾਨ ਸਭਾ ਦੇ ਸੂਬਾ ਮੀਤ ਪ੍ਰਧਾਨ ਸੂਰਤ ਸਿੰਘ ਧਰਮਕੋਟ ਨੇ ਕੀਤਾ। ਉਹ ਨੇੜਲੇ ਪਿੰਡ ਪਰਜੀਆਂ ਕਲਾਂ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਕਾਮਰੇਡ ਰੂੜਾ ਰਾਮ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਸਨ। ਉਨ੍ਹਾ ਕਿਹਾ ਕਿ ਕਾਮਰੇਡ ਰੂੜਾ ਰਾਮ ਦੇ ਰਹਿੰਦੇ ਕਾਰਜਾਂ ਨੂੰ ਪੂਰਾ ਕਰਨਾ ਹੀ ਉਨ੍ਹਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਸ਼ਰਧਾਂਜਲੀ ਸਮਾਗਮ ਨੂੰ ਸੀ ਪੀ ਆਈ ਜ਼ਿਲ੍ਹਾ ਸਕੱਤਰ ਰਸ਼ਪਾਲ ਕੈਲੇ ਨੇ ਸੰਬੋਧਨ ਕਰਦਿਆ ਕਿਹਾ ਕਿ ਕਾਮਰੇਡ ਰੂੜਾ ਰਾਮ ਵਰਗੇ ਸੰਘਰਸ਼ੀਲ ਯੋਧੇ ਹੀ ਮਿਸਾਲੀ ਜੀਵਨ ਜਿਉ ਸਕਦੇ ਹਨ। ਉਨ੍ਹਾ ਕਿਹਾ ਕਿ ਉਨ੍ਹਾ ਵੱਲੋਂ ਅਬਾਦਕਾਰਾਂ ਲਈ ਕੀਤੇ ਵੱਡੇ ਸੰਘਰਸ਼ ਦੇ ਬਦਲੇ ਆਪਣੇ ਲਈ ਇੱਕ ਮਰਲਾ ਜ਼ਮੀਨ ਵੀ ਨਾ ਰੱਖਣਾ ਇੱਕ ਮਿਸਾਲ ਹੈ। ਉਨ੍ਹਾ ਸ਼ਰਧਾਂਜਲੀ ਸਮਾਗਮ ਵਿੱਚ ਸ਼ਮੂਲੀਅਤ ਕਰਨ ਵਾਲਿਆਂ ਦਾ ਪਰਵਾਰ ਵੱਲੋਂ ਧੰਨਵਾਦ ਵੀ ਕੀਤਾ। ਸਟੀਲ ਅਥਾਰਟੀ ਆਫ ਇੰਡੀਆ ਦੇ ਸਾਬਕਾ ਮੈਂਬਰ ਡਾ. ਜਗਤਾਰ ਸਿੰਘ ਚੰਦੀ ਅਤੇ ਅਮਨਦੀਪ ਸੈਦਪੁਰੀ ਨੇ ਵੀ ਸੰਬੋਧਨ ਕੀਤਾ। ਮਾਸਟਰ ਜਤਿੰਦਰ ਪਾਲ ਬੱਲਾ ਨੇ ਸਟੇਜ ਸਕੱਤਰ ਦੇ ਫਰਜ਼ ਨਿਭਾਉਂਦਿਆਂ ਕਾਮਰੇਡ ਰੂੜਾ ਰਾਮ ਵੱਲੋਂ ਕੀਤੇ ਗਏ ਕੰਮਾਂ 'ਤੇ ਵਿਸਥਾਰ ਨਾਲ ਚਾਨਣਾ ਪਾਇਆ। ਉਨ੍ਹਾ ਵੱਲੋਂ ਆਏ ਸ਼ੋਕ ਮਤੇ ਵੀ ਪੜ੍ਹੇ ਗਏ, ਜਿਨ੍ਹਾਂ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੀ ਨੈਸ਼ਨਲ ਕੌਂਸਲ ਦੇ ਮੈਂਬਰ ਤੇ ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ, ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ, ਸੀ ਪੀ ਆਈ (ਐੱਮ) ਦੇ ਲਹਿੰਬਰ ਸਿੰਘ ਤੱਗੜ ਆਦਿ ਮੌਜੂਦ ਸਨ।

ਹੋਰਨਾਂ ਤੋਂ ਇਲਾਵਾ ਭਾਜਪਾ ਦੇ ਹਲਕਾ ਕੈਂਪ ਇੰਚਾਰਜ ਰਾਣਾ ਹਰਦੀਪ ਸਿੰਘ, ਡਾ. ਪਿਆਰਾ ਲਾਲ, ਬੂੜਾ ਰਾਮ, ਸੀਨੀਅਰ ਕਮਿਊਨਿਸਟ ਹਰਜਿੰਦਰ ਸਿੰਘ ਮੌਜੀ, ਕਾਮਰੇਡ ਸੁਨੀਲ ਕੁਮਾਰ ਭੱਠਾ ਮਜ਼ਦੂਰ ਯੂਨੀਅਨ ਦੇ ਆਗੂ, ਸਿਕੰਦਰ ਸੰਧੂ ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ, ਅਮਰੀਕ ਸਿੰਘ ਕਲੇਰ, ਹਰਦੇਵ ਸਿੰਘ ਪੀਟਾ ਸਾਬਕਾ ਮੈਂਬਰ ਨਗਰ ਪੰਚਾਇਤ ਸ਼ਾਹਕੋਟ, ਸਵਰਨ ਸਿੰਘ ਭੋਏਪੁਰੀ, ਕੇਵਲ ਕ੍ਰਿਸ਼ਨ ਮੱਟੂ, ਹਰਦਿਆਲ ਸਿੰਘ ਘਾਲੀ, ਤਰਸੇਮ ਸਿੰਘ ਮੌਜਗੜ੍ਹ, ਗੁਰਮੇਲ ਸਿੰਘ ਰੱਜੀਵਾਲਾ ਤੇ ਅਮਰਜੀਤ ਸਿੰਘ ਸ਼ੇਰਪੁਰੀ ਜ਼ਿਲ੍ਹਾ ਮੋਗਾ ਆਦਿ ਮੌਜੂਦ ਸਨ।

## ਤਿੰਨ-ਭਾਸ਼ਾਈ ਨੀਤੀ ਵਿਰੁੱਧ ਪਟੀਸ਼ਨ 'ਤੇ ਨੋਟਿਸ ਜਾਰੀ

**ਨਵੀਂ ਦਿੱਲੀ (ਨ ਜ਼ ਸ)**- ਸੁਪਰੀਮ ਕੋਰਟ ਨੇ ਬੁੱਧਵਾਰ ਕੇਂਦਰ ਸਰਕਾਰ, ਸੀ ਬੀ ਐੱਸ ਈ ਅਤੇ ਐੱਨ ਸੀ ਈ ਆਰ ਟੀ ਨੂੰ ਇੱਕ ਜਨਹਿਤ ਪਟੀਸ਼ਨ 'ਤੇ ਨੋਟਿਸ ਜਾਰੀ ਕੀਤੇ ਹਨ। ਇਸ ਪਟੀਸ਼ਨ ਵਿੱਚ ਸੀ ਬੀ ਐੱਸ ਈ ਦੀ ਉਸ ਤਿੰਨ-ਭਾਸ਼ਾਈ ਨੀਤੀ ਨੂੰ ਚੁਣੌਤੀ ਦਿੱਤੀ ਗਈ ਹੈ, ਜਿਸ ਤਹਿਤ 1 ਜੁਲਾਈ ਤੋਂ ਸ਼ੁਰੂ ਹੋਣ ਵਾਲੇ ਅਕਾਦਮਿਕ ਸਾਲ 2026-27 ਤੋਂ ਨੌਵੀਂ ਜਮਾਤ ਦੇ ਵਿਦਿਆਰਥੀਆਂ ਲਈ ਤਿੰਨ ਭਾਸ਼ਾਵਾਂ ਪੜ੍ਹਨਾ ਲਾਜ਼ਮੀ ਕਰ ਦਿੱਤਾ ਗਿਆ ਹੈ, ਜਿਨ੍ਹਾਂ ਵਿੱਚ ਦੋ ਮੂਲ ਭਾਰਤੀ ਭਾਸ਼ਾਵਾਂ ਸ਼ਾਮਲ ਹਨ। ਚੀਫ ਜਸਟਿਸ ਸੂਰੀਆ ਕਾਂਤ, ਜਸਟਿਸ ਜੋਏਮਾਲਿਆ ਬਾਗਚੀ ਅਤੇ ਜਸਟਿਸ ਵਿਪੁਲ ਐੱਮ ਪੰਚੋਲੀ ਦੀ ਬੈਂਚ ਨੇ ਸਾਰੀਆਂ ਧਿਰਾਂ ਨੂੰ ਦੋ ਹਫਤਿਆਂ ਦੇ ਅੰਦਰ-ਅੰਦਰ ਜਵਾਬ ਦਾਖਲ ਕਰਨ ਲਈ ਕਿਹਾ ਹੈ ਅਤੇ ਇਸ ਮਾਮਲੇ ਦੀ ਅਗਲੀ ਸੁਣਵਾਈ ਜੁਲਾਈ ਦੇ ਦੂਜੇ ਹਫਤੇ ਤੈਅ ਕੀਤੀ ਹੈ।

## ਉਲੰਪੀਅਨ ਨਿਸ਼ਾਨੇਬਾਜ਼ ਰਾਜਾ ਰਣਧੀਰ ਸਿੰਘ ਦਾ ਦੇਹਾਂਤ

**ਚੰਡੀਗੜ੍ਹ (ਸੁਰਜੀਤ ਸੁਮਨ)**



ਪੰਜ ਵਾਰ ਦੇ ਉਲੰਪੀਅਨ ਅਤੇ ਏਸ਼ੀਆਈ ਖੇਡਾਂ ਦੇ ਗੋਲਡ ਮੈਡਲ ਜੇਤੂ, ਪ੍ਰਸਿੱਧ ਖੇਡ ਪ੍ਰਸ਼ਾਸਕ, ਸਾਬਕਾ ਅਰਜੁਨ ਅਵਾਰਡੀ ਨਿਸ਼ਾਨੇਬਾਜ਼ ਰਾਜਾ ਰਣਧੀਰ ਸਿੰਘ ਦਾ ਬੁੱਧਵਾਰ ਨਵੀਂ ਦਿੱਲੀ 'ਚ ਦੇਹਾਂਤ ਹੋ ਗਿਆ। ਉਹ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਚਚੇਰੇ ਭਰਾ ਸਨ। 79 ਸਾਲਾ ਰਣਧੀਰ ਸਿੰਘ ਇੱਕ ਖੇਡ ਪਰਵਾਰ ਦੀ ਚੌਥੀ ਪੀੜ੍ਹੀ ਸਨ। ਉਨ੍ਹਾ ਦੇ ਚਾਚਾ, ਮਹਾਰਾਜਾ ਯਾਦਵਿੰਦਰ ਸਿੰਘ ਭਾਰਤ ਦੇ ਟੈਸਟ ਕ੍ਰਿਕਟਰ ਸਨ ਅਤੇ ਉਨ੍ਹਾ ਦੇ ਪਿਤਾ ਰਾਜਾ ਭਲਿੰਦਰ ਸਿੰਘ, 1947-92 ਤੱਕ ਇੰਡੀਅਨ ਉਲੰਪਿਕ ਕਮੇਟੀ ਦੇ ਮੈਂਬਰ ਰਹੇ।

ਰਣਧੀਰ ਨੇ ਉਲੰਪਿਕ ਖੇਡਾਂ (ਟੋਕੀਓ 1964-ਰਿਜ਼ਰਵ ਸ਼ੂਟਰ), ਮੈਕਸੀਕੋ 1968, ਮਿਊਨਿਖ 1972, ਮੌਂਟਰੀਅਲ 1976, ਮਾਸਕੋ 1980 ਅਤੇ ਲਾਸ ਏਂਜਲਸ 1984, ਏਸ਼ੀਆਈ ਖੇਡਾਂ ਬੈਂਕਾਕ 1978, ਨਵੀਂ ਦਿੱਲੀ 1982, ਸਿਓਲ 1986 ਤੇ ਹੀਰੋਸ਼ੀਮਾ 1994 ਅਤੇ ਰਾਸ਼ਟਰਮੰਡਲ ਖੇਡਾਂ (ਐਡਮੰਟਨ 1978) ਵਿੱਚ ਸ਼ੂਟਿੰਗ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ; ਬੈਂਕਾਕ ਏਸ਼ੀਆਈ ਖੇਡਾਂ ਵਿੱਚ ਸ਼ੂਟਿੰਗ ਵਿੱਚ ਗੋਲਡ ਮੈਡਲ ਅਤੇ ਏਸ਼ੀਆਈ ਖੇਡਾਂ (ਨਵੀਂ ਦਿੱਲੀ 1982) ਵਿੱਚ ਕਾਂਸੀ (ਵਿਅਕਤੀਗਤ) ਅਤੇ ਚਾਂਦੀ (ਟੀਮ) ਦਾ ਤਮਗਾ ਜਿੱਤਿਆ।

ਉੱਘੇ ਕਿਸਾਨ ਨੇਤਾ ਰਾਜਿੰਦਰ ਸਿੰਘ ਬਡਹੇੜੀ, ਸਾਬਕਾ ਡਾਇਰੈਕਟਰ ਪੰਜਾਬ ਮੰਡੀ ਬੋਰਡ ਨੇ ਰਾਜਾ ਰਣਧੀਰ ਸਿੰਘ ਦੇ ਦੇਹਾਂਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।।

## ਟ੍ਰਾਂਸਜੈਂਡਰਾਂ ਦੇ ਸਾਰੇ ਕੇਸ ਸੁਪਰੀਮ ਕੋਰਟ 'ਚ ਲਿਆਉਣ ਦੀ ਮੰਗ

**ਨਵੀਂ ਦਿੱਲੀ (ਨ ਜ਼ ਸ)**- ਕੇਂਦਰ ਸਰਕਾਰ ਨੇ ਬੁੱਧਵਾਰ ਸੁਪਰੀਮ ਕੋਰਟ ਤੱਕ ਪਹੁੰਚ ਕਰਕੇ ਮੰਗ ਕੀਤੀ ਹੈ ਕਿ 'ਟ੍ਰਾਂਸਜੈਂਡਰ ਵਿਅਕਤੀ (ਅਧਿਕਾਰਾਂ ਦੀ ਸੁਰੱਖਿਆ) (ਸੋਧ) ਐਕਟ, 2026' ਦੇ ਖਿਲਾਫ ਦੇਸ਼ ਦੀਆਂ ਵੱਖ-ਵੱਖ ਹਾਈ ਕੋਰਟਾਂ ਵਿੱਚ ਚੱਲ ਰਹੀਆਂ ਸਾਰੀਆਂ ਚੁਣੌਤੀਆਂ (ਕੇਸਾਂ) ਨੂੰ ਇਕੱਠਾ ਕਰਕੇ ਸੁਪਰੀਮ ਕੋਰਟ ਵਿੱਚ ਟ੍ਰਾਂਸਫਰ ਕੀਤਾ ਜਾਵੇ। ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਚੀਫ ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਜੋਏਮਾਲਿਆ ਬਾਗਚੀ ਦੀ ਬੈਂਚ ਅੱਗੇ ਇਸ ਮਾਮਲੇ ਦਾ ਜ਼ਿਕਰ ਕੀਤਾ ਅਤੇ ਸ਼ੁੱਕਰਵਾਰ ਨੂੰ ਇਨ੍ਹਾਂ ਤਬਾਦਲਾ ਪਟੀਸ਼ਨਾਂ 'ਤੇ ਜਲਦੀ ਸੁਣਵਾਈ ਕਰਨ ਦੀ ਮੰਗ ਕੀਤੀ।

ਸਾਲਿਸਟਰ ਜਨਰਲ ਨੇ ਕਿਹਾ ਕਿ ਕਿਉਂਕਿ ਇਸ ਵੇਲੇ ਕਈ ਹਾਈ ਕੋਰਟਾਂ ਸੁਣਵਾਈ ਕਰ ਰਹੀਆਂ ਹਨ, ਇਸ ਲਈ ਕੇਂਦਰੀ ਕਾਨੂੰਨ ਦੀ ਵੈਧਤਾ 'ਤੇ ਵੱਖੋ-ਵੱਖਰੇ ਨਿਆਂਇਕ ਫੈਸਲੇ ਆਉਣ ਦਾ ਵੱਡਾ ਖਤਰਾ ਹੈ। ਚੀਫ ਜਸਟਿਸ ਇਸ ਮੰਗ 'ਤੇ ਸਹਿਮਤ ਹੁੰਦੇ ਨਜ਼ਰ ਨਹੀਂ ਆਏ। ਉਨ੍ਹਾ ਕਿਹਾ ਕਿ ਸੁਪਰੀਮ ਕੋਰਟ ਨੂੰ ਅਕਸਰ ਹਾਈ ਕੋਰਟਾਂ ਵੱਲੋਂ ਦਿੱਤੇ ਗਏ ਕਾਨੂੰਨੀ ਤਰਕਾਂ ਦਾ ਫਾਇਦਾ ਮਿਲਦਾ ਹੈ। ਜਦੋਂ ਮਹਿਤਾ ਨੇ ਆਪਣੀਆਂ ਗੱਲਾਂ ਨੂੰ ਦੁਹਰਾਇਆ, ਤਾਂ ਚੀਫ ਜਸਟਿਸ ਨੇ ਕਿਹਾ ਕਿ ਉਹ ਦੇਖਣਗੇ।

ਵਿਵਾਦ ਦੀ ਮੁੱਖ ਵਜ੍ਹਾ ਲਿੰਗ ਦੀ 'ਖੁਦ-ਪਛਾਣ' ਦੇ ਸੰਕਲਪ ਨੂੰ ਹਟਾਉਣਾ ਹੈ, ਜਿਸ ਅਧਿਕਾਰ ਨੂੰ ਸੁਪਰੀਮ ਕੋਰਟ ਨੇ ਪਹਿਲਾਂ ਆਪਣੇ ਇਤਿਹਾਸਕ 'ਨਾਲਸਾ' ਫੈਸਲੇ ਵਿੱਚ ਬਹਾਲ ਰੱਖਿਆ ਸੀ। 2026 ਦੀ ਸੋਧ ਵਿੱਚ ਲਿੰਗ ਦੀ ਪਛਾਣ ਲਈ ਡਾਕਟਰੀ ਜਾਂ ਪ੍ਰਸ਼ਾਸਨਕ ਦਖਲਅੰਦਾਜ਼ੀ (ਸਰਟੀਫਿਕੇਟ ਆਦਿ) ਨੂੰ ਲਾਜ਼ਮੀ ਬਣਾਇਆ ਗਿਆ ਹੈ। ਪਟੀਸ਼ਨਕਰਤਾਵਾਂ ਦੀ ਦਲੀਲ ਹੈ ਕਿ ਇਹ ਸ਼ਰਤ ਵਿਅਕਤੀ ਦੇ ਸਨਮਾਨ, ਨਿੱਜਤਾ ਅਤੇ ਸਰੀਰਕ ਖੁਦਮੁਖਤਿਆਰੀ ਦੇ ਅਧਿਕਾਰ ਦੀ ਉਲੰਘਣਾ ਕਰਦੀ ਹੈ।

## ਵਿਕਾਸ ਗੋਇਲ ਦੀ ਅਚਾਨਕ ਤਬੀਅਤ ਵਿਗੜੀ

**ਚੰਡੀਗੜ੍ਹ (ਨ ਜ਼ ਸ)**- ਸੀ ਬੀ ਆਈ ਵੱਲੋਂ ਰਿਸ਼ਵਤ ਕਾਂਡ 'ਚ ਫੜੇ ਮਲੋਟ ਦੇ ਵਿਕਾਸ ਗੋਇਲ ਨੂੰ ਅਚਾਨਕ ਤਬੀਅਤ ਵਿਗੜਨ 'ਤੇ ਸੈਕਟਰ 32 ਵਿਚਲੇ ਸਰਕਾਰੀ ਮੈਡੀਕਲ ਕਾਲਜ ਤੇ ਹਸਪਤਾਲ 'ਚ ਭਰਤੀ ਕਰਾਇਆ ਗਿਆ ਹੈ। ਵਿਕਾਸ ਗੋਇਲ ਤੇ ਉਸਦੇ ਬੇਟੇ ਰਾਘਵ ਗੋਇਲ ਤੋਂ ਇਲਾਵਾ ਡਰਾਈਵਰ ਇਸ ਵੇਲੇ ਨਿਆਇਕ ਹਿਰਾਸਤ 'ਚ ਹਨ। ਸੀ ਬੀ ਆਈ ਨੇ 11 ਮਈ ਨੂੰ ਵਿਕਾਸ ਗੋਇਲ ਤੇ ਰਾਘਵ ਗੋਇਲ ਦੇ ਡਰਾਈਵਰ ਅੰਕਿਤ ਵਧਵਾ ਨੂੰ ਮਲੋਟ ਦੇ ਹੀ ਟੈਕਸ ਅਧਿਕਾਰੀ ਤੋਂ 13 ਲੱਖ ਰੁਪਏ ਦੀ ਨਗਦੀ ਅਤੇ ਇੱਕ ਸੈਮਸੰਗ ਮੋਬਾਈਲ ਰਿਸ਼ਵਤ ਲੈਂਦੇ ਫੜਿਆ ਸੀ।

## ਅੱਜ-ਨਾਮਾ

ਨਵੀਂ ਜਦ ਕਦੇ ਸਰਕਾਰ ਸਕੀਮ ਕੱਢਦੀ,
ਲੋਕੀਂ ਕਰਦੇ ਨਹੀਂ ਜਲਦ ਯਕੀਨ ਮੀਆਂ।
ਪਹਿਲੀ ਔਕੜ ਤਾਂ ਲੰਮੀਆਂ ਬਹੁਤ ਬਾਤਾਂ,
ਲੁਕੀ ਹੋਈ ਦਿੱਸੇ ਨਾ ਬਾਤ ਮਹੀਨ ਮੀਆਂ।
ਦੂਸਰੀ ਗੱਲ ਕਿ ਮਸਲੇ ਉਲਝਾਈ ਜਾਂਦੀ,
ਅਫਸਰਸ਼ਾਹਾਂ ਦੀ ਮੇਖ ਅਰ ਮੀਨ ਮੀਆਂ।
ਪੁੱਛ ਕੇ ਅੱਜ ਕੁਝ ਜਾਂਦੇ ਆ ਭਰੇ ਫਾਰਮ,
ਭਲਕ ਨੂੰ ਹੁੰਦੇ ਈ ਫਾਰਮ ਨਵੀਨ ਮੀਆਂ।
ਜਦ ਨੂੰ ਲੋਕਾਂ ਦੇ ਪਕੜ ਵਿੱਚ ਗੱਲ ਪੈਂਦੀ,
ਹੁੰਦਾ ਏ ਖਤਮ ਗਰਾਂਟ ਦਾ ਵਕਤ ਮੀਆਂ।
ਰੋਂਦੇ ਰਹਿੰਦੇ ਫਿਰ ਲੋੜਵੰਦ ਆਮ ਲੋਕੀਂ,
ਚੱਲਦਾ ਏਦਾਂ ਤਮਾਸ਼ਾ-ਏ-ਜਗਤ ਮੀਆਂ।

-ਤੀਸ ਮਾਰ ਖਾਂ

# ਆਪ ਆਗੂਆਂ ਦਾ ਤਿੱਖਾ ਹਮਲਾ : ਬਿੱਟੂ ਨੇ ਗੁੰਡਾਗਰਦੀ ਕੀਤੀ



**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ, ਕ੍ਰਿਸ਼ਨ ਗਰਗ)**-ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਕੇਂਦਰੀ ਮੰਤਰੀ ਰਵਨੀਤ ਬਿੱਟੂ ਵੱਲੋਂ ਸੰਗਰੂਰ ਅਤੇ ਧੂਰੀ ਵਿਖੇ ਕੀਤੀ ਗਈ ਕਥਿਤ ਧੱਕੇਸ਼ਾਹੀ ਦੀ ਨਿਖੇਧੀ ਕਰਦਿਆਂ ਉਸ ਨੂੰ ਗੁੰਡਾਗਰਦੀ ਕਰਾਰ ਦਿੱਤਾ ਹੈ। ਉਨ੍ਹਾ ਬੁੱਧਵਾਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਜਪਾ ਆਗੂ ਓਂਕਾਰ ਸਿੰਘ ਪ੍ਰਚਾਰ ਬੰਦ ਹੋਣ ਤੋਂ ਬਾਅਦ ਪ੍ਰਚਾਰ ਕਰ ਰਹੇ ਸੀ, ਜਿਸ ਨੂੰ ਪੁਲਸ ਨੇ ਕਾਬੂ ਕੀਤਾ, ਪਰ ਰਵਨੀਤ ਬਿੱਟੂ ਨੇ ਓਂਕਾਰ ਸਿੰਘ ਨੂੰ ਛੁਡਾਉਣ ਲਈ ਹੰਗਾਮਾ ਕੀਤਾ ਅਤੇ ਕਾਨੂੰਨ ਦੀ ਉਲੰਘਣਾ ਕੀਤੀ। ਉਨ੍ਹਾ ਕਿਹਾ ਕਿ ਬਿੱਟੂ ਨੇ ਪੁਲਸ ਅਤੇ ਮਹਿਲਾਵਾਂ ਦਾ ਅਪਮਾਨ ਕੀਤਾ। ਬਿੱਟੂ 'ਤੇ ਕਾਰਵਾਈ ਦਾ ਫੈਸਲਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਲੈਣਗੇ।

ਅਮਨ ਅਰੋੜਾ ਨੇ ਕਿਹਾ ਕਿ ਇੱਕ ਪਾਸੇ ਬਿੱਟੂ ਨੂੰ ਪੰਜਾਬ ਪੁਲਸ ਚੰਗੀ ਨਹੀਂ ਲੱਗਦੀ ਅਤੇ ਦੂਜੇ ਪਾਸੇ ਕਾਂਗਰਸ ਸਰਕਾਰ ਸਮੇਂ ਆਪਣੇ ਹੀ ਭਰਾ ਨੂੰ ਨਿਯਮਾਂ ਦੇ ਉਲਟ ਜਾ ਕੇ ਡੀ ਐੱਸ ਪੀ ਦੀ ਨੌਕਰੀ ਦਿਵਾਉਂਦੇ ਰਹੇ ਹਨ। ਅਮਨ ਅਰੋੜਾ ਨੇ ਭਾਜਪਾ 'ਤੇ ਹਮਲਾ ਕਰਦਿਆਂ ਕਿਹਾ ਕਿ ਭਾਜਪਾ ਦੇਸ਼ ਵਿੱਚ ਧਰਮ ਅਤੇ ਜਾਤਪਾਤ ਦੀ ਰਾਜਨੀਤੀ ਕਰਕੇ ਸੱਤਾ ਹਥਿਆਉਣ ਦੀ ਕੋਸ਼ਿਸ਼ ਕਰਦੀ ਹੈ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਉਨ੍ਹਾ ਦੇਸ਼ ਵਿੱਚ ਚੱਲ ਰਹੀ ਐੱਸ ਆਈ ਆਰ ਬਾਰੇ ਕਿਹਾ ਕਿ ਇਸ ਨੂੰ ਸਹੀ ਢੰਗ ਨਾਲ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਪਾਰਟੀ ਵਰਕਰਾਂ ਨੂੰ ਐੱਸ ਆਈ ਆਰ ਦੌਰਾਨ ਸੁਚੇਤ ਰਹਿਣ ਦੀ ਲੋੜ ਹੈ, ਤਾਂ ਜੋ ਲੋਕਾਂ ਦੀਆਂ ਵੋਟਾਂ ਜਬਰੀ ਨਾ ਕੱਟੀਆਂ ਜਾ ਸਕਣ।

ਆਮ ਆਦਮੀ ਪਾਰਟੀ ਪੰਜਾਬ ਦੇ ਸਟੇਟ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਬਿੱਟੂ ਵੱਲੋਂ ਧੂਰੀ ਨਗਰ ਨਿਗਮ ਚੋਣਾਂ ਦੌਰਾਨ ਕੀਤੇ ਗਏ ਵਿਹਾਰ ਨੂੰ ਬੇਹੱਦ ਸ਼ਰਮਨਾਕ, ਨਿੰਦਣਯੋਗ ਅਤੇ ਉਨ੍ਹਾਂ ਦੀ ਘਟੀਆ ਮਾਨਸਿਕਤਾ ਦਾ ਪ੍ਰਤੀਕ ਦੱਸਿਆ ਹੈ। ਪੰਨੂ ਨੇ ਕਿਹਾ ਕਿ ਕੇਂਦਰ ਸਰਕਾਰ ਵਿੱਚ ਇੱਕ ਜ਼ਿੰਮੇਵਾਰ ਮੰਤਰਾਲਾ ਸੰਭਾਲ ਰਹੇ ਵਿਅਕਤੀ ਵੱਲੋਂ ਆਨ-ਕੈਮਰਾ ਪੰਜਾਬ ਪੁਲਸ ਦੇ ਅਧਿਕਾਰੀਆਂ ਨੂੰ ਗਾਲ੍ਹਾਂ ਕੱਢਣਾ, ਇੱਕ ਮਹਿਲਾ ਐੱਸ ਐੱਸ ਪੀ ਦਾ ਅਪਮਾਨ ਕਰਨਾ ਅਤੇ ਕਾਨੂੰਨ ਦੀਆਂ ਧੱਜੀਆਂ ਉਡਾਉਣਾ ਇਹ ਸਾਬਤ ਕਰਦਾ ਹੈ ਕਿ ਭਾਜਪਾ ਦੇ ਆਗੂਆਂ ਦੇ ਸਿਰ ਸੱਤਾ ਦਾ ਹੰਕਾਰ ਚੜ੍ਹ ਕੇ ਬੋਲ ਰਿਹਾ ਹੈ।

ਬਿੱਟੂ ਨਾ ਤਾਂ ਧੂਰੀ ਦੇ ਵਸਨੀਕ ਹਨ ਅਤੇ ਨਾ ਹੀ ਉੱਥੋਂ ਦੇ ਵੋਟਰ ਹਨ। ਚੋਣ ਪ੍ਰਚਾਰ ਖ਼ਤਮ ਹੋਣ ਤੋਂ ਬਾਅਦ ਬਾਹਰੀ ਵਿਅਕਤੀਆਂ ਦਾ ਇਲਾਕੇ ਵਿੱਚ ਰਹਿਣਾ ਗ਼ੈਰ-ਕਾਨੂੰਨੀ ਹੈ, ਪਰ ਬਿੱਟੂ ਨੇ ਨਾ ਸਿਰਫ਼ ਨਿਯਮਾਂ ਨੂੰ ਛਿੱਕੇ ਟੰਗਿਆ, ਬਲਕਿ ਭਾਰੀ ਪੁਲਸ ਫੋਰਸ ਦੇ ਕੰਮ ਵਿੱਚ ਸਿੱਧੇ ਤੌਰ 'ਤੇ ਵਿਘਨ ਪਾਇਆ।

ਪੰਨੂ ਨੇ ਕਿਹਾ ਕਿ ਮੈਂ ਸਵੇਰ ਤੋਂ ਉਹ ਵੀਡੀਓ ਕਈ ਵਾਰ ਦੇਖੀ ਹੈ ਅਤੇ ਮੈਨੂੰ ਆਪਣੀਆਂ ਅੱਖਾਂ ਅਤੇ ਕੰਨਾਂ 'ਤੇ ਯਕੀਨ ਨਹੀਂ ਹੋ ਰਿਹਾ ਕਿ ਇੱਕ ਕੇਂਦਰੀ ਮੰਤਰੀ ਸਿਰਫ਼ ਮੀਡੀਆ ਵਿੱਚ ਸੁਰਖੀਆਂ ਬਟੋਰਨ ਲਈ ਇਸ ਹੱਦ ਤੱਕ ਗਿਰ ਸਕਦਾ ਹੈ। ਬਿੱਟੂ ਨੇ ਡਿਊਟੀ 'ਤੇ ਤਾਇਨਾਤ ਇੱਕ ਗੁਰਸਿੱਖ ਪੁਲਸ ਮੁਲਾਜ਼ਮ ਦਾ ਕਾਲਰ ਫੜਿਆ, ਉਸ ਨਾਲ ਬਦਤਮੀਜ਼ੀ ਕੀਤੀ ਅਤੇ ਪੁਲਸ ਨੂੰ 'ਦਲਾਲ' ਵਰਗੇ ਘਟੀਆ ਸ਼ਬਦਾਂ ਨਾਲ

• ਬਾਕੀ ਸਫਾ 2 'ਤੇ

## ਮੇਰੀ ਲੜਾਈ ਪੰਜਾਬ ਪੁਲਸ ਨਾਲ ਨਹੀਂ : ਬਿੱਟੂ

**ਨਵੀਂ ਦਿੱਲੀ (ਨ ਜ਼ ਸ)**-ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ 'ਤੇ ਤਿੱਖਾ ਹਮਲਾ ਕਰਦਿਆਂ ਦੋਸ਼ ਲਗਾਇਆ ਕਿ ਉਨ੍ਹਾ ਉਨ੍ਹਾ ਦੇ ਪਰਵਾਰ 'ਤੇ ਨਿੱਜੀ ਟਿੱਪਣੀਆਂ ਕਰਕੇ ਰਾਜਨੀਤਕ ਮਰਿਆਦਾਵਾਂ ਨੂੰ ਪੂਰੀ ਤਰ੍ਹਾਂ ਤੋੜ ਦਿੱਤਾ ਹੈ, ਬਜਾਏ ਇਸ ਦੇ ਕਿ ਉਹ ਪੰਜਾਬ ਵਿੱਚ ਕਾਨੂੰਨ-ਵਿਵਸਥਾ ਦੀ ਵਿਗੜਦੀ ਹਾਲਤ, ਪੰਜਾਬ ਪੁਲਸ ਦੀ ਰਾਜਨੀਤਕ ਦੁਰਵਰਤੋਂ ਅਤੇ ਪ੍ਰਸ਼ਾਸਨਕ ਨਾਕਾਮੀਆਂ 'ਤੇ ਜਵਾਬ ਦਿੰਦੇ।ਉਨ੍ਹਾ ਸਵਾਲ ਕੀਤਾ ਕਿ ਅਮਨ ਅਰੋੜਾ ਦੱਸਣ ਕਿ ਉਨ੍ਹਾ ਦੇ ਮਰਹੂਮ ਪਿਤਾ ਭਗਵਾਨ ਦਾਸ



• ਬਾਕੀ ਸਫਾ 2 'ਤੇ

ਨਵਾਂ ਜ਼ਮਾਨਾ
ਵੀਰਵਾਰ, 28 ਮਈ 2026

# ਪੈਰੋਲ ਬਾਬਾ

ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ 26 ਮਈ ਨੂੰ ਰੋਹਤਕ ਦੀ ਸੁਨਾਰੀਆ ਜੇਲ੍ਹ ਤੋਂ 30 ਦਿਨਾਂ ਲਈ ਪੈਰੋਲ 'ਤੇ ਰਿਹਾਅ ਕੀਤਾ ਗਿਆ। 2017 ਵਿੱਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਇਹ ਉਸ ਦੀ 16ਵੀਂ ਅਸਥਾਈ ਰਿਹਾਈ ਹੈ। ਰਾਮ ਰਹੀਮ ਦੋ ਮਹਿਲਾ ਸਾਧਵੀਆਂ ਨਾਲ ਬਲਾਤਕਾਰ ਦੇ ਦੋਸ਼ ਵਿੱਚ 20 ਸਾਲ ਦੀ ਸਜ਼ਾ ਕੱਟ ਰਿਹਾ ਹੈ। ਦੂਜੇ ਪਾਸੇ, ਉਮਰ ਖਾਲਿਦ ਅਤੇ ਸ਼ਰਜੀਲ ਇਮਾਮ ਵਰਗੇ ਅਣਗਿਣਤ ਵਿਅਕਤੀ ਬਿਨਾਂ ਮੁਕੱਦਮੇ ਦਾ ਸਾਹਮਣਾ ਕੀਤੇ ਭਾਰਤੀ ਜੇਲ੍ਹਾਂ ਵਿੱਚ ਕੈਦ ਹਨ। ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਦਿੱਤੀ ਗਈ ਤਾਜ਼ਾ ਪੈਰੋਲ ਦੌਰਾਨ ਉਹ ਸਿਰਸਾ ਸਥਿਤ ਡੇਰਾ ਹੈੱਡਕੁਆਰਟਰ ਵਿੱਚ ਰਹੇਗਾ।

ਰਾਮ ਰਹੀਮ ਨੂੰ ਕੁਝ ਮਹੀਨਿਆਂ ਦੇ ਵਕਫੇ ਵਿੱਚ ਦਿੱਤੀ ਜਾਂਦੀ ਪੈਰੋਲ ਅਤੇ ਫਰਲੋ ਹੁਣ ਗੰਭੀਰ ਸਿਆਸੀ ਅਤੇ ਕਾਨੂੰਨੀ ਬਹਿਸ ਦਾ ਵਿਸ਼ਾ ਬਣ ਗਈ ਹੈ। ਉਸ ਨੂੰ ਕਈ ਵਾਰ 21 ਦਿਨ, 30 ਦਿਨ ਅਤੇ 40 ਦਿਨਾਂ ਲਈ ਪੈਰੋਲ ਦਿੱਤੀ ਗਈ ਹੈ। ਜਨਵਰੀ 2026 ਤੱਕ, ਰਾਮ ਰਹੀਮ ਨੇ ਲੱਗਭੱਗ 405 ਦਿਨ ਜੇਲ੍ਹ ਤੋਂ ਬਾਹਰ ਬਿਤਾਏ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਕਈ ਸਮਾਜੀ ਅਤੇ ਮਨੁੱਖੀ ਅਧਿਕਾਰ ਸੰਗਠਨ ਨੇ ਉਸ ਦੀ ਪੈਰੋਲ 'ਤੇ ਇਤਰਾਜ਼ ਜਤਾਉਂਦੇ ਆਏ ਹਨ। ਆਲੋਚਕਾਂ ਦਾ ਦੋਸ਼ ਹੈ ਕਿ ਉਸ ਨੂੰ ਪੈਰੋਲ ਅਕਸਰ ਚੋਣਾਂ ਦੇ ਨੇੜੇ-ਤੇੜੇ ਦਿੱਤੀ ਜਾਂਦੀ ਰਹੀ ਹੈ। ਉਸ ਨੂੰ ਪੰਜਾਬ, ਹਰਿਆਣਾ ਅਤੇ ਦਿੱਲੀ ਵਿੱਚ ਚੋਣਾਂ ਤੋਂ ਪਹਿਲਾਂ ਜੇਲ੍ਹੋਂ ਬਾਹਰ ਕੱਢਿਆ ਗਿਆ ਸੀ। ਪੰਜਾਬ ਵਿੱਚ ਹੁਣ 2027 ਵਿੱਚ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ।

ਜੇ ਐੱਨ ਯੂ ਦੇ ਸਾਬਕਾ ਵਿਦਿਆਰਥੀ ਆਗੂ ਉਮਰ ਖਾਲਿਦ ਅਤੇ ਸ਼ਰਜੀਲ ਇਮਾਮ ਵਰਗੇ ਪੰਜ ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਹਨ। ਉਨ੍ਹਾਂ 'ਤੇ 2020 ਦੇ ਦਿੱਲੀ ਦੰਗਿਆਂ ਦੇ ਮਾਮਲੇ ਵਿੱਚ ਯੂ ਏ ਪੀ ਏ ਦੀਆਂ ਸਖ਼ਤ ਧਾਰਾਵਾਂ ਤਹਿਤ ਦੋਸ਼ ਲਗਾਏ ਗਏ ਹਨ। ਉਮਰ ਖਾਲਿਦ ਦੀ ਜ਼ਮਾਨਤ ਪਟੀਸ਼ਨ 'ਤੇ 20 ਤੋਂ ਵੱਧ ਵਾਰ ਅਦਾਲਤਾਂ ਵਿੱਚ ਅਪੀਲ ਕੀਤੀ ਗਈ ਹੈ, ਪਰ ਉਸ ਨੂੰ ਨਿਯਮਤ ਜ਼ਮਾਨਤ ਨਹੀਂ ਦਿੱਤੀ ਗਈ ਹੈ। ਹਾਲ ਹੀ ਵਿੱਚ, ਉਸ ਨੇ ਆਪਣੀ ਮਾਂ ਦੀ ਸਰਜਰੀ ਦੌਰਾਨ ਉਸ ਦੀ ਦੇਖਭਾਲ ਲਈ 10 ਦਿਨਾਂ ਦੀ ਅੰਤਰਿਮ ਜ਼ਮਾਨਤ ਦੀ ਮੰਗ ਕੀਤੀ ਸੀ, ਪਰ ਅਦਾਲਤ ਨੇ ਸਿਰਫ ਤਿੰਨ ਦਿਨਾਂ ਦੀ ਰਾਹਤ ਦਿੱਤੀ। ਉਸ ਦੀ ਸੁਣਵਾਈ ਅਜੇ ਪੂਰੀ ਤਰ੍ਹਾਂ ਸ਼ੁਰੂ ਵੀ ਨਹੀਂ ਹੋਈ।

ਸੁਪਰੀਮ ਕੋਰਟ ਦੇ ਜਸਟਿਸ ਵਿਕਰਮ ਨਾਥ ਨੇ 2025 ਵਿੱਚ ਭਾਰਤ ਦੀ ਨਿਆਂ ਪ੍ਰਣਾਲੀ ਅਤੇ ਜੇਲ੍ਹ ਪ੍ਰਣਾਲੀ ਬਾਰੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਸੀ ਕਿ ਜੇਲ੍ਹਾਂ ਵਿੱਚ 70 ਪ੍ਰਤੀਸ਼ਤ ਤੋਂ ਵੱਧ ਕੈਦੀ ਉਹ ਹਨ, ਜਿਨ੍ਹਾਂ ਨੂੰ ਅਜੇ ਤੱਕ ਅਦਾਲਤਾਂ ਨੇ ਦੋਸ਼ੀ ਨਹੀਂ ਠਹਿਰਾਇਆ। ਯਾਨੀ ਉਹ ਜ਼ੇਰੇ ਸਮਾਇਤ (ਅੰਡਰਟ੍ਰਾਇਲ) ਹਨ।

ਜਸਟਿਸ ਨਾਥ ਨੇ ਇਹ ਟਿੱਪਣੀਆਂ ਹੈਦਰਾਬਾਦ ਦੀ ਨਾਲਸਰ ਯੂਨੀਵਰਸਿਟੀ ਆਫ ਲਾਅ ਵਿਖੇ ਸਮਾਗਮ ਦੌਰਾਨ ਕੀਤੀਆਂ ਸੀ ਕਿ ਵੱਡੀ ਗਿਣਤੀ ਵਿੱਚ ਜ਼ੇਰੇ ਸਮਾਇਤ ਕੈਦੀ ਇਸ ਕਰਕੇ ਜੇਲ੍ਹਾਂ ਵਿੱਚ ਬੰਦ ਹਨ ਕਿਉਂਕਿ ਨਿਆਂ ਪ੍ਰਣਾਲੀ ਉਨ੍ਹਾਂ ਨੂੰ ਸਮੇਂ ਸਿਰ ਰਾਹਤ ਪ੍ਰਦਾਨ ਕਰਨ ਵਿੱਚ ਅਸਫਲ ਰਹੀ ਹੈ। ਬਹੁਤ ਸਾਰੇ ਪਹਿਲਾਂ ਹੀ ਉਹ ਸਮਾਂ ਕੱਟ ਚੁੱਕੇ ਹਨ, ਜਿੰਨੀ ਕਿ ਦੋਸ਼ੀ ਠਹਿਰਾਏ ਜਾਣ 'ਤੇ ਉਨ੍ਹਾਂ ਨੂੰ ਸਜ਼ਾ ਮਿਲਣੀ ਸੀ। ਬਹੁਤ ਸਾਰੇ ਲੋਕਾਂ 'ਤੇ ਜ਼ਮਾਨਤੀ ਅਪਰਾਧਾਂ ਦਾ ਦੋਸ਼ ਹੈ, ਪਰ ਉਨ੍ਹਾਂ ਨੂੰ ਸਿਰਫ ਇਸ ਲਈ ਕੈਦ ਰੱਖਿਆ ਜਾ ਰਿਹਾ ਹੈ, ਕਿਉਂਕਿ ਉਹ ਜ਼ਮਾਨਤ ਦੀ ਰਕਮ ਨਹੀਂ ਦੇ ਸਕਦੇ। ਉਨ੍ਹਾ ਮੁਤਾਬਕ ਜ਼ਿਆਦਾਤਰ ਅੰਡਰਟ੍ਰਾਇਲ ਕੈਦੀ ਇਸ ਲਈ ਨਹੀਂ ਹਨ, ਕਿਉਂਕਿ ਕਾਨੂੰਨ ਇਸ ਦੀ ਮੰਗ ਕਰਦਾ ਹੈ, ਸਗੋਂ ਇਸ ਲਈ ਹਨ, ਕਿਉਂਕਿ ਸਿਸਟਮ ਨੇ ਉਨ੍ਹਾਂ ਨੂੰ ਅਸਫਲ ਕਰ ਦਿੱਤਾ ਹੈ।

ਰਾਮ ਰਹੀਮ ਦਾ ਮਾਮਲਾ ਇਸ ਲਈ ਖ਼ਬਰਾਂ ਵਿੱਚ ਹੈ, ਕਿਉਂਕਿ ਉਹ ਇੱਕ ਦੋਸ਼ੀ ਕੈਦੀ ਹੈ। ਅਦਾਲਤ ਨੇ ਉਸ ਨੂੰ ਬਲਾਤਕਾਰ ਦਾ ਦੋਸ਼ੀ ਠਹਿਰਾਇਆ ਹੈ। ਇਸ ਦੇ ਬਾਵਜੂਦ ਉਸ ਨੂੰ ਵਾਰ-ਵਾਰ ਪੈਰੋਲ ਮਿਲਦੀ ਹੈ। ਕਾਨੂੰਨੀ ਤੌਰ 'ਤੇ ਪੈਰੋਲ ਇੱਕ ਅਧਿਕਾਰ ਨਹੀਂ, ਸਗੋਂ ਇੱਕ ਪ੍ਰਸ਼ਾਸਕੀ ਰਾਹਤ ਹੈ, ਜੋ ਚੰਗੇ ਆਚਰਣ, ਪਰਵਾਰਕ ਹਾਲਾਤ ਜਾਂ ਵਿਸ਼ੇਸ਼ ਕਾਰਨਾਂ ਦੇ ਆਧਾਰ 'ਤੇ ਦਿੱਤੀ ਜਾਂਦੀ ਹੈ, ਪਰ ਜਦੋਂ ਰਸੂਖਦਾਰਾਂ ਨੂੰ ਵਾਰ-ਵਾਰ ਰਾਹਤ ਮਿਲਦੀ ਹੈ ਤੇ ਮੁਲਜ਼ਮ (ਦੋਸ਼ੀ ਨਹੀਂ) ਜ਼ਮਾਨਤ ਪ੍ਰਾਪਤ ਕਰਨ ਲਈ ਸਾਲਾਂ ਤੱਕ ਸੰਘਰਸ਼ ਕਰਦੇ ਹਨ, ਤਾਂ ਨਿਆਂ ਪ੍ਰਣਾਲੀ ਦੀ ਨਿਰਪੱਖਤਾ 'ਤੇ ਸਵਾਲ ਉੱਠਣਾ ਸੁਭਾਵਕ ਹੈ।

# ਪੰਜਾਬ ਆਰ ਐੱਸ ਐੱਸ-ਭਾਜਪਾ ਦੇ ਵਧਦੇ ਰੱਥ ਨੂੰ ਰੋਕ ਸਕਦੈ



ਡਾ. ਅਰੁਣ ਮਿਤਰਾ

ਅਸਾਮ, ਪੁਡੂਚੇਰੀ ਅਤੇ ਪੱਛਮੀ ਬੰਗਾਲ ਦੀਆਂ ਚੋਣਾਂ ਵਿੱਚ ਜਿੱਤ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੇ ਹੌਸਲੇ ਕਾਫ਼ੀ ਬੁਲੰਦ ਹੋ ਗਏ ਹਨ। ਖ਼ਾਸ ਤੌਰ 'ਤੇ ਪੱਛਮੀ ਬੰਗਾਲ ਵਿੱਚ, ਜਿੱਥੇ ਮਮਤਾ ਬੈਨਰਜੀ ਦੀ ਮਜ਼ਬੂਤ ਸਰਕਾਰ ਮੌਜੂਦ ਸੀ, ਇਹ ਉਮੀਦ ਘੱਟ ਹੀ ਸੀ ਕਿ ਭਾਜਪਾ ਏਨੀ ਵੱਡੀ ਤਾਕਤ ਨਾਲ ਸੱਤਾ ਵਿੱਚ ਆ ਜਾਵੇਗੀ। ਖੱਬੀ ਧਿਰ ਦੀ ਕਮਜ਼ੋਰ ਹਾਜ਼ਰੀ ਕਾਰਨ ਚੋਣ ਮੁਕਾਬਲਾ ਸਿੱਧਾ ਤ੍ਰਿਣਮੂਲ ਕਾਂਗਰਸ ਅਤੇ ਭਾਜਪਾ ਵਿਚਕਾਰ ਰਹਿ ਗਿਆ।

ਭਾਜਪਾ ਇਸ ਨੂੰ ਆਪਣੀ ਵੱਡੀ ਰਣਨੀਤਕ ਜਿੱਤ ਵਜੋਂ ਪੇਸ਼ ਕਰ ਰਹੀ ਹੈ ਅਤੇ ਨਰਿੰਦਰ ਮੋਦੀ ਇਸ ਨੂੰ ਬਦਲਾ ਨਹੀਂ, ਬਦਲਾਅ ਦਾ ਸਮਾਂ ਕਹਿ ਰਹੇ ਹਨ। ਆਪਣੇ ਨਜ਼ਰੀਏ ਤੋਂ ਉਹ ਸ਼ਾਇਦ ਠੀਕ ਹੀ ਕਹਿ ਰਹੇ ਹਨ, ਕਿਉਂਕਿ ਭਾਜਪਾ ਦੇਸ਼ ਦੀ ਧਰਮ ਨਿਰਪੱਖ, ਲੋਕਤੰਤਰ ਅਤੇ ਸਮਾਜਿਕ ਸਦਭਾਵਨਾ ਵਾਲੀ ਪਰੰਪਰਾ ਨੂੰ ਬਦਲਣ ਦੇ ਰਸਤੇ 'ਤੇ ਤੁਰੀ ਹੋਈ ਹੈ। ਘੱਟ ਗਿਣਤੀਆਂ ਨੂੰ ਦੂਜੇ ਦਰਜੇ ਦੇ ਨਾਗਰਿਕ ਵਾਂਗ ਪੇਸ਼ ਕਰਨ ਦੀ ਸੋਚ, ਇਕ ਧਰਮ ਦੀਆਂ ਪਰੰਪਰਾਵਾਂ ਨੂੰ ਸਭ 'ਤੇ ਥੋਪਣ ਦੀ ਕੋਸ਼ਿਸ਼, ਔਰਤਾਂ ਦੀ ਇੱਜ਼ਤ ਤੇ ਸੁਰੱਖਿਆ ਨੂੰ ਕਮਜ਼ੋਰ ਕਰਨ ਵਾਲਾ ਮਾਹੌਲ ਅਤੇ ਦਲਿਤਾਂ 'ਤੇ ਵਧ ਰਹੇ ਜ਼ੁਲਮ, ਇਹ ਸਭ ਉਸ ਬਦਲਾਅ ਦਾ ਹੀ ਹਿੱਸਾ ਹਨ। ਬੰਗਾਲ ਵਿੱਚ ਮਦਰੱਸਿਆਂ ਵਿੱਚ ਵੰਦੇ ਮਾਤਰਮ ਲਾਜ਼ਮੀ ਕਰਨ ਵਰਗੇ ਕਦਮ ਵੀ ਇਸੇ ਸੋਚ ਦੀ ਨਿਸ਼ਾਨੀ ਹਨ। ਭਾਜਪਾ ਨੂੰ ਲੱਗਦਾ ਸੀ ਕਿ ਬੰਗਾਲ ਉਸ ਦੀ ਰਾਹ ਵਿੱਚ ਇੱਕ ਵੱਡਾ ਰੋੜਾ ਹੈ ਅਤੇ ਹੁਣ ਉਹ ਰੋੜਾ ਹਟ ਗਿਆ ਹੈ।

ਮਮਤਾ ਬੈਨਰਜੀ ਨੇ ਇੱਕ ਸਮੇਂ ਖੱਬੀ ਸਰਕਾਰ ਨੂੰ ਹਟਾਉਣ ਲਈ ਵੱਡਾ ਅੰਦੋਲਨ ਖੜ੍ਹਾ ਕੀਤਾ ਸੀ। ਉਸ ਅੰਦੋਲਨ ਵਿੱਚ ਸੱਜੇ ਪੰਥੀ ਵਿਚਾਰਧਾਰਾ ਵਾਲਿਆਂ ਤੋਂ ਇਲਾਵਾ ਅਤਿ-ਖੱਬੀ ਧਿਰ ਦੇ ਲੋਕ, ਕਈ ਐੱਨ ਜੀ ਓ ਅਤੇ ਆਪਣੇ ਆਪ ਨੂੰ ਲੋਕ-ਹਿਤੈਸ਼ੀ ਕਹਿਣ ਵਾਲੇ ਬੁੱਧੀਜੀਵੀ ਵੀ ਸ਼ਾਮਲ ਸਨ। ਉਸ ਦੌਰ ਵਿੱਚ ਮਮਤਾ ਬੈਨਰਜੀ ਨੇ ਭਾਜਪਾ ਨਾਲ ਸਮਝੌਤੇ ਵੀ ਕੀਤੇ ਅਤੇ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਦਾ ਹਿੱਸਾ ਵੀ ਰਹੀ। ਇਸ ਸਿਆਸੀ ਨੇੜਤਾ ਨੇ ਹੌਲੀ-ਹੌਲੀ ਭਾਜਪਾ ਲਈ ਬੰਗਾਲ ਵਿੱਚ ਪੈਰ ਪਸਾਰਨ ਦਾ ਮੌਕਾ ਤਿਆਰ ਕੀਤਾ।

ਹੁਣ ਹਾਲਾਤ ਬਦਲ ਚੁੱਕੇ ਹਨ। ਅੱਜ ਭਾਜਪਾ ਨੂੰ ਸਿਰਫ਼ ਇੱਕ ਰਾਜਨੀਤਕ ਪਾਰਟੀ ਵਜੋਂ ਨਹੀਂ, ਸਗੋਂ ਆਰ ਐੱਸ ਐੱਸ ਦੀ ਕੌਮੀ-ਵੰਡਕਾਰੀ ਵਿਚਾਰਧਾਰਾ ਦੇ ਪ੍ਰਤੀਕ ਵਜੋਂ ਦੇਖਣਾ ਪਵੇਗਾ। ਇਸ ਕਰਕੇ ਇਹ ਬਹੁਤ ਮਹੱਤਵਪੂਰਨ ਹੋ ਗਿਆ ਹੈ ਕਿ ਕੌਣ ਇਸ ਵਿਚਾਰਧਾਰਾ ਦੇ ਨਾਲ ਖੜ੍ਹਾ ਹੈ ਅਤੇ ਕੌਣ ਇਸ ਦਾ ਵਿਰੋਧ ਕਰਦਾ ਹੈ।

ਅਗਲੇ ਸਾਲ ਦੀ ਸ਼ੁਰੂਆਤ ਵਿੱਚ ਪੰਜਾਬ ਅਤੇ ਉੱਤਰ ਪ੍ਰਦੇਸ਼ ਦੀਆਂ ਚੋਣਾਂ ਹੋਣੀਆਂ ਹਨ। ਉੱਤਰ ਪ੍ਰਦੇਸ਼ ਦਾ ਮਾਹੌਲ ਪਹਿਲਾਂ ਹੀ ਕਾਫ਼ੀ ਵਿਗੜ ਚੁੱਕਾ ਹੈ। ਯੋਗੀ ਆਦਿਤਿਆਨਾਥ ਦੀ ਰਾਜਨੀਤੀ ਨੇ ਘੱਟ ਗਿਣਤੀਆਂ ਵਿਰੁੱਧ ਐਨਾ ਜ਼ਹਿਰ ਘੋਲਿਆ ਹੈ ਕਿ ਉਸ ਦਾ ਪ੍ਰਭਾਵ ਵੱਡੇ ਹਿੱਸੇ ਦੇ ਹਿੰਦੂ ਸਮਾਜ 'ਤੇ ਪਿਆ ਹੈ। ਝੂਠੇ ਪ੍ਰਚਾਰ, ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਇਤਿਹਾਸ, ਅਤੇ ਘੱਟ ਗਿਣਤੀਆਂ ਦੇ ਘਰਾਂ ਤੇ ਸੁਪਰੀਮ ਕੋਰਟ ਦੇ ਆਦੇਸ਼ਾਂ ਦੇ ਬਾਵਜੂਦ ਬੁਲਡੋਜ਼ਰ ਚਲਾਉਣ ਵਰਗੇ ਕਦਮ ਲੋਕਤੰਤਰ ਲਈ ਖ਼ਤਰਨਾਕ ਸੰਕੇਤ ਹਨ।

ਇਨ੍ਹਾਂ ਹਾਲਾਤ ਵਿੱਚ ਪੰਜਾਬ ਦੀਆਂ ਆਉਣ ਵਾਲੀਆਂ ਚੋਣਾਂ ਬਹੁਤ ਅਹਿਮ ਹੋ ਜਾਂਦੀਆਂ ਹਨ। ਭਾਜਪਾ ਪੰਜਾਬ ਵਿੱਚ ਇਕੱਲੇ ਸਰਕਾਰ ਬਣਾਉਣ ਲਈ ਪੂਰੀ ਤਾਕਤ ਲਗਾ ਰਹੀ ਹੈ। ਪੰਜਾਬ ਦੀ ਸਮਾਜਿਕ ਬਣਤਰ ਭਾਵੇਂ ਹੋਰ ਰਾਜਾਂ ਨਾਲੋਂ ਵੱਖਰੀ ਹੈ, ਫਿਰ ਵੀ ਭਾਜਪਾ ਡੇਰਿਆਂ ਤੋਂ ਲੈ ਕੇ ਧਾਰਮਿਕ ਧਰੁਵੀਕਰਨ ਤੱਕ ਹਰ ਹੱਥਕੰਡਾ ਅਪਣਾ ਰਹੀ ਹੈ। ਉਸ ਦੀ ਮੁੱਖ ਆਸ ਇਹ ਹੈ ਕਿ ਹਿੰਦੂ ਵੋਟ ਇੱਕਜੁੱਟ ਹੋ ਕੇ ਉਸ ਦੇ ਹੱਕ ਵਿੱਚ ਆਏਗੀ।

ਪਰ ਪੰਜਾਬ ਦੀ ਧਰਤੀ ਦਾ ਇਤਿਹਾਸ ਕੁਝ ਹੋਰ ਕਹਿੰਦਾ ਹੈ। ਪੰਜਾਬ ਨੇ ਹਮੇਸ਼ਾ ਫਿਰਕਾਪ੍ਰਸਤੀ ਅਤੇ ਜ਼ੁਲਮ ਦਾ ਡਟ ਕੇ ਵਿਰੋਧ ਕੀਤਾ ਹੈ। ਵਿਦੇਸ਼ੀ ਹਮਲਾਵਰਾਂ ਦਾ ਸਭ ਤੋਂ ਪਹਿਲਾਂ ਮੁਕਾਬਲਾ ਪੰਜਾਬ ਨੇ ਹੀ ਕੀਤਾ। ਜਦੋਂ ਅੰਗਰੇਜ਼ ਸਾਰੇ ਭਾਰਤ ਵਿੱਚ ਕਾਬਜ਼ ਹੋ ਰਹੇ ਸਨ, ਤਦ ਮਹਾਰਾਜਾ ਰਣਜੀਤ ਸਿੰਘ ਨੇ ਉਨ੍ਹਾਂ ਨੂੰ ਸਤਲੁਜ ਤੋਂ ਪਾਰ ਨਹੀਂ ਆਉਣ ਦਿੱਤਾ। ਅੰਗਰੇਜ਼ਾਂ ਨੇ 1809 ਅਤੇ 1831 ਵਿੱਚ ਸੰਧੀਆਂ ਤਾਂ ਕੀਤੀਆਂ, ਪਰ ਮਹਾਰਾਜਾ ਰਣਜੀਤ ਸਿੰਘ ਦੀ ਤਾਕਤ ਕਾਰਨ ਉਹ ਸਿੱਧੀ ਟੱਕਰ ਤੋਂ ਘਬਰਾਉਂਦੇ ਰਹੇ।

ਮਹਾਰਾਜਾ ਦੇ ਦੇਹਾਂਤ ਤੋਂ ਬਾਅਦ ਹੀ ਪੰਜਾਬ ਦੀ ਰਾਜਨੀਤਕ ਕਮਜ਼ੋਰੀ ਦਾ ਫ਼ਾਇਦਾ ਚੁੱਕ ਕੇ ਅੰਗਰੇਜ਼ ਇੱਥੇ ਕਾਬਜ਼ ਹੋ ਸਕੇ, ਪਰ ਪੰਜਾਬ ਦੀ ਲੋਕ-ਰੂਹ ਕਦੇ ਗੁਲਾਮ ਨਹੀਂ ਹੋਈ। ਗਦਰੀ ਬਾਬਿਆਂ ਤੋਂ ਲੈ ਕੇ ਲਾਲਾ ਲਾਜਪਤ ਰਾਏ, ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਸੈਫ਼ੂਦੀਨ ਕਿਚਲੂ, ਮਦਨ ਲਾਲ ਢੀਂਗਰਾ ਅਤੇ ਪ੍ਰਿਥਵੀ ਸਿੰਘ ਆਜ਼ਾਦ ਆਦਿ ਵਰਗਿਆਂ ਤੱਕ ਪੰਜਾਬ ਨੇ ਅਜਿਹੇ ਲੋਕ-ਪੱਖੀ ਯੋਧੇ ਪੈਦਾ ਕੀਤੇ, ਜਿਨ੍ਹਾਂ ਬਰਤਾਨਵੀ ਹਕੂਮਤ ਨੂੰ ਚੁਣੌਤੀ ਦਿੱਤੀ। ਅੰਡੇਮਾਨ ਦੀਆਂ ਕਾਲ ਕੋਠੜੀਆਂ ਵਿੱਚ ਵੀ ਪੰਜਾਬੀਆਂ ਨੇ ਅਣਗਿਣਤ ਤਸੀਹੇ ਸਹੇ, ਪਰ ਗੋਡੇ ਨਹੀਂ ਟੇਕੇ।

ਪੰਜਾਬ ਦੀ ਸੂਫ਼ੀ ਅਤੇ ਗੁਰੂ ਪਰੰਪਰਾ ਨੇ ਲੋਕਾਂ ਨੂੰ ਮਨੁੱਖਤਾ, ਬਰਾਬਰੀ ਅਤੇ ਜ਼ੁਲਮ ਵਿਰੁੱਧ ਲੜਨ ਦੀ ਸਿੱਖਿਆ ਦਿੱਤੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਰਫ਼ ਸਮਾਜਿਕ ਸਦਭਾਵਨਾ ਦਾ ਹੀ ਸੰਦੇਸ਼ ਨਹੀਂ ਦਿੱਤਾ, ਸਗੋਂ ਜ਼ਾਲਮ ਹਕੂਮਤਾਂ ਦੇ ਖ਼ਿਲਾਫ਼ ਸੱਚ ਦੀ ਆਵਾਜ਼ ਵੀ ਬੁਲੰਦ ਕੀਤੀ। ਸਿੱਖ ਗੁਰੂਆਂ ਦੀਆਂ ਕੁਰਬਾਨੀਆਂ ਨੇ ਪੰਜਾਬ ਦੀ ਰੂਹ ਨੂੰ ਨਿਆਂ ਅਤੇ ਵਿਰੋਧ ਦੀ ਤਾਕਤ ਬਖ਼ਸ਼ੀ।

ਅੱਜ ਜਿਹੜੀਆਂ ਤਾਕਤਾਂ ਪੰਜਾਬ 'ਤੇ ਨਜ਼ਰ ਗਡਾਈ ਬੈਠੀਆਂ ਹਨ, ਉਹ ਤਾਕਤਾਂ ਆਜ਼ਾਦੀ ਦੀ ਲੜਾਈ ਦੌਰਾਨ ਅੰਗਰੇਜ਼ਾਂ ਦੇ ਨਾਲ ਖੜ੍ਹੀਆਂ ਸਨ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਆਰ ਐੱਸ ਐੱਸ ਨੇ ਨਾ ਤਾਂ ਆਜ਼ਾਦੀ ਦੀ ਲੜਾਈ ਵਿੱਚ ਕੋਈ ਭੂਮਿਕਾ ਨਿਭਾਈ ਅਤੇ ਨਾ ਹੀ ਭਗਤ ਸਿੰਘ ਵਰਗੇ ਇਨਕਲਾਬੀਆਂ ਦੀ ਸੋਚ ਦਾ ਸਤਿਕਾਰ ਕੀਤਾ।

ਆਜ਼ਾਦੀ ਤੋਂ ਬਾਅਦ ਵੀ ਦੇਸ਼ ਦੀਏਕਤਾ ਅਖੰਡਤਾ ਦੀ ਰਾਖੀ ਦੇ ਲਈ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ। 1962 ਵਿੱਚ ਚੀਨ ਨਾਲ ਜੰਗ ਵੇਲੇ ਪੰਜਾਬ ਦੀਆਂ ਔਰਤਾਂ ਨੇ ਆਪਣੇ ਗਹਿਣੇ ਤੱਕ ਦੇਸ਼ ਦੀ ਰੱਖਿਆ ਲਈ ਸਮਰਪਤ ਕਰ ਦਿੱਤੇ। ਉਸ ਵੇਲੇ ਸਾਰੇ ਦੇਸ਼ ਵਿੱਚੋਂ 257 ਕਿਲੋਗ੍ਰਾਮ ਸੋਨਾ, ਜੋ ਇਕੱਤਰ ਹੋਇਆ, ਪ੍ਰਾਪਤ ਸੂਚਨਾਵਾਂ ਮੁਤਾਬਕ ਉਸ ਦਾ 252 ਕਿਲੋਗ੍ਰਾਮ ਪੰਜਾਬ ਦੀਆਂ ਔਰਤਾਂ ਨੇ ਦਿੱਤਾ ਸੀ।

ਕਿਸਾਨ ਵਿਰੋਧੀ ਕਾਨੂੰਨਾਂ ਅਤੇ ਕਿਸਾਨ ਅੰਦੋਲਨ ਦੌਰਾਨ 700 ਤੋਂ ਵੱਧ ਮੌਤਾਂ 'ਤੇ ਸਰਕਾਰ ਦੀ ਬੇਹਿਸੀ ਨੂੰ ਪੰਜਾਬ ਦੇ ਲੋਕ ਅਜੇ ਭੁੱਲੇ ਨਹੀਂ।ਇਸ ਲਈ ਪੰਜਾਬ ਵਿੱਚ ਆਰ ਐੱਸ ਐੱਸ-ਭਾਜਪਾ ਦੇ ਵਧਦੇ ਰੱਥ ਨੂੰ ਰੋਕਣ ਦੀ ਸਮਰੱਥਾ ਮੌਜੂਦ ਹੈ, ਪਰ ਇਸ ਲਈ ਸਿਰਫ਼ ਭਾਵਨਾਵਾਂ ਨਹੀਂ, ਸਗੋਂ ਲੋਕਾਂ ਦੀ ਏਕਤਾ, ਇਤਿਹਾਸਕ ਚੇਤਨਾ ਅਤੇ ਇੱਕ ਸਪੱਸ਼ਟ ਲੋਕਤੰਤਰੀ ਰਣਨੀਤੀ ਦੀ ਲੋੜ ਹੋਵੇਗੀ।

# ਸੰਪਰਕ : 94170-00360

# ਮਨੁੱਖ ਨਾਸਤਿਕ ਕਿਵੇਂ ਬਣਿਆ ?

ਹਰਬੰਸ ਸਿੰਘ ਸੰਧੂ

ਅੱਜ ਪਰਵਾਰ ਵਿੱਚ ਬੈਠਿਆਂ ਮੈਂ ਇੱਕ ਦਿਲਚਸਪ ਚਰਚਾ ਛੇੜੀ। ਮੈਂ ਦੱਸਿਆ ਕਿ ਆਸਟ੍ਰੇਲੀਆ ਵਿੱਚ ਰਹਿਣ ਵਾਲੀ ਸਾਡੀ ਇੱਕ ਜਾਣ-ਪਛਾਣ ਵਾਲੀ ਲੜਕੀ ਨੇ ਫ਼ੇਸਬੁਕ 'ਤੇ ਇੱਕ ਪੋਸਟ ਪਾ ਕੇ ਬਹੁਤ 'ਕੁੱਤਾ ਪ੍ਰੇਮ' ਦਿਖਾਇਆ ਹੈ ਅਤੇ ਭਾਰਤ ਦੀ ਸੁਪਰੀਮ ਕੋਰਟ ਵੱਲੋਂ ਅਵਾਰਾ ਕੁੱਤਿਆਂ ਨੂੰ ਮਾਰਨ ਦੀ ਚਲਾਈ ਮੁਹਿੰਮ ਦੀ ਸਖ਼ਤ ਨਿਖੇਧੀ ਕੀਤੀ। ਮੈਂ ਪਰਵਾਰ ਨੂੰ ਦੱਸਿਆ ਕਿ ਮੈਂ ਉਸ ਪੋਸਟ ਦੇ ਕੁਮੈਂਟ ਬਾਕਸ ਵਿੱਚ ਵਿਗਿਆਨਕ ਢੰਗ ਨਾਲ ਚਾਰਲਸ ਡਾਰਵਿਨ ਦੇ ਸਿਧਾਂਤ ਦਾ ਹਵਾਲਾ ਦੇ ਕੇ ਲੜਕੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਸ 'ਤੇ ਮੇਰੀ ਦਲੀਲ ਦਾ ਕੋਈ ਅਸਰ ਨਹੀਂ ਹੋਇਆ।

ਮੇਰੀ ਇਹ ਗੱਲ ਸੁਣ ਕੇ ਮੇਰਾ ਬੇਟਾ ਤੁਰੰਤ ਬੋਲਿਆ- ਅਸੀਂ ਤਾਂ ਆਪਣੇ ਗੁਰੂ ਦੀ ਗੱਲ ਮੰਨਣੀ ਹੈ, ਇਹ ਸਭ ਕਰਮਾਂ ਦੀ ਖੇਡ ਹੈ। ਵਿਗਿਆਨ ਦਾ ਇਸ ਨਾਲ ਕੋਈ ਲਾਗਾ-ਦੇਗਾ ਨਹੀਂ।

ਕਿਉਂਕਿ ਮੈਂ ਬਾਇਓਲੋਜੀ (ਜੀਵ ਵਿਗਿਆਨ) ਦਾ ਵਿਦਿਆਰਥੀ ਰਿਹਾ ਹਾਂ, ਇਸ ਲਈ ਮੈਂ ਉਸ ਨੂੰ ਡਾਰਵਿਨ ਦੇ ਸਿਧਾਂਤ ਦਾ ਉਹ ਮਹੱਤਵਪੂਰਨ ਹਿੱਸਾ ਸਮਝਾਇਆ, ਜਿਸ ਵਿੱਚ ਉਨ੍ਹਾਂ ਵੱਖ-ਵੱਖ ਜੀਵਾਂ ਦੀਆਂ ਉਦਾਹਰਨਾਂ ਦੇ ਕੇ ਆਪਣੀ ਵਿਸ਼ਵ-ਪ੍ਰਸਿੱਧ ਕਿਤਾਬ ਵਿੱਚ 'ਕੁਦਰਤੀ ਚੋਣ' (Natural Selection) ਦੇ ਨਿਯਮ ਨੂੰ ਸਮਝਾਇਆ ਹੈ। ਡਾਰਵਿਨ ਨੇ ਜੀਵਾਂ ਦੀ ਪ੍ਰਜਨਣ ਉਮਰ ਅਤੇ ਪ੍ਰਜਨਣ ਦਰ (Reproduction Rate) ਦਾ ਵੇਰਵਾ ਦਿੰਦਿਆਂ ਦੱਸਿਆ ਸੀ ਕਿ ਇੱਕ ਜੀਵ ਆਪਣੀ ਪੂਰੀ ਉਮਰ ਵਿੱਚ ਕਿੰਨੇ ਬੱਚੇ ਪੈਦਾ ਕਰ ਸਕਦਾ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਸੀ ਕਿ ਜੇਕਰ ਕੁਦਰਤ ਵਿੱਚ ਪੈਦਾ ਹੋਣ ਵਾਲੇ ਸਾਰੇ ਬੱਚੇ ਜਿਉਂਦੇ ਰਹਿ ਜਾਣ, ਤਾਂ ਕੁਝ ਹੀ ਸਾਲਾਂ ਵਿੱਚ ਧਰਤੀ 'ਤੇ ਉਸ ਇੱਕੋ ਜੀਵ ਦੀ ਭਰਮਾਰ ਹੋ ਜਾਵੇਗੀ ਅਤੇ ਦੂਜੇ ਜੀਵਾਂ ਦਾ ਜਿਊਣਾ ਦੁਭਰ ਹੋ ਜਾਵੇਗਾ।

ਕੁਦਰਤ ਵਿੱਚ ਅਜਿਹਾ ਕਦੇ ਨਹੀਂ ਹੁੰਦਾ, ਕਿਉਂਕਿ ਕੁਦਰਤ ਕੋਲ ਆਪਣਾ ਇੱਕ ਸਵੈ-ਚਾਲਿਤ ਸੰਤੁਲਨ (Ecological Balancing system ਹੈ। ਪੈਦਾ ਹੋਏ ਜੀਵਾਂ ਵਿੱਚੋਂ ਜੋ ਵਾਤਾਵਰਨ ਦੀਆਂ ਤਬਦੀਲੀਆਂ, ਵਾਤਾਵਰਣਾਨਿਕ ਔਕੜਾਂ ਨੂੰ ਨਹੀਂ ਸਹਾਰ ਸਕਦੇ, ਉਹ ਖ਼ਤਮ ਹੋ ਜਾਂਦੇ ਹਨ ਅਤੇ ਜੋ ਵਾਤਾਵਰਨ ਅਨੁਸਾਰ ਖ਼ੁਦ ਨੂੰ ਢਾਲ ਲੈਂਦੇ ਹਨ (Survival of the Fittest), ਉਹ ਬਚ ਜਾਂਦੇ ਹਨ ਅਤੇ ਆਪਣੀ ਨਸਲ ਅੱਗੇ ਵਧਾਉਂਦੇ ਹਨ।

### ਵਿਕਾਸ ਜਾਂ ਵਿਨਾਸ਼ ?

ਮੁਸ਼ਕਲ ਉਦੋਂ ਸ਼ੁਰੂ ਹੋਈ, ਜਦੋਂ ਮਨੁੱਖ ਨੇ ਕੁਦਰਤ ਦੇ ਇਸ ਸੰਤੁਲਨ ਬਣਾਉਣ ਦੇ ਕੰਮ ਨੂੰ ਆਪਣੇ ਹੱਥਾਂ ਵਿੱਚ ਲੈ ਲਿਆ। ਮਨੁੱਖ ਨੇ ਜੰਗਲ ਕੱਟੇ, ਸ਼ਹਿਰ ਵਸਾਏ ਅਤੇ ਖੇਤੀਬਾੜੀ ਕਰਨੀ ਸ਼ੁਰੂ ਕਰ ਦਿੱਤੀ।ਅਸੀਂ ਇਸ ਨੂੰ 'ਵਿਕਾਸ' ਦਾ ਨਾਂਅ ਦਿੱਤਾ, ਪਰ ਅਸਲ ਵਿੱਚ ਇਸ ਨੇ ਇੱਕ ਵੱਡੇ ਵਿਨਾਸ਼ ਦਾ ਮੁੱਢ ਬੰਨ੍ਹ ਦਿੱਤਾ। ਜਦੋਂ ਮਨੁੱਖ ਨੇ ਕੁਦਰਤੀ ਚੱਕਰ ਨੂੰ ਭੰਗ ਕਰਕੇ ਨਿਯੰਤਰਣ ਆਪਣੇ ਹੱਥ ਵਿੱਚ ਲਿਆ, ਤਾਂ ਹੁਣ ਵਧਦੀ ਹੋਈ ਆਬਾਦੀ ਨੂੰ ਕੰਟਰੋਲ ਕਰਨ (ਜਿਵੇਂ ਕੁੱਤਿਆਂ ਨੂੰ ਮਾਰਨ) ਦਾ ਅਣਚਾਹਿਆ ਕੰਮ ਵੀ ਉਸੇ ਨੂੰ ਹੀ ਕਰਨਾ ਸੀ।ਪਹਿਲਾਂ ਮਨੁੱਖ ਕੁੱਤਿਆਂ ਦੀ ਵਰਤੋਂ ਖੇਤੀਬਾੜੀ ਨੂੰ ਜੰਗਲੀ ਜਾਨਵਰਾਂ ਤੋ ਬਚਾਉਣ ਲਈ ਕਰਦਾ ਸੀ, ਹੁਣ ਲੋਕ ਕੁੱਤਿਆਂ ਨੂੰ ਘਰਾਂ ਵਿੱਚ ਰੱਖਣ ਲੱਗੇ।ਆਸਟ੍ਰੇਲੀਆ ਦੇ ਇਤਿਹਾਸ ਤੋਂ ਹਰ ਕੋਈ ਵਾਕਿਫ਼ ਹੈ ਕਿ ਕਿਵੇਂ ਇੱਕ ਵਾਰ ਉੱਥੋਂ ਦੀ ਸਰਕਾਰ ਨੇ ਪੀਣ ਵਾਲੇ ਪਾਣੀ ਦੀ ਭਾਰੀ ਕਿੱਲਤ ਨੂੰ ਦੇਖਦਿਆਂ ਕੁਦਰਤੀ ਸਰੋਤਾਂ ਨੂੰ ਬਚਾਉਣ ਲਈ ਹਜ਼ਾਰਾਂ ਜੰਗਲੀ ਊਠਾਂ ਨੂੰ ਗੋਲੀ ਮਾਰਨ ਦੇ ਹੁਕਮ ਦਿੱਤੇ ਸਨ। ਇਹ ਕੁਦਰਤੀ ਸੰਤੁਲਨ ਵਿਗਾੜਨ ਦਾ ਹੀ ਸਿੱਟਾ ਸੀ।ਹੁਣ ਮੁੜਦੇ ਹਾਂ ਆਪਣੇ ਅਸਲ ਵਿਸ਼ੇਨਾਸਤਿਕਤਾ ਵੱਲ। ਇਹ ਸਭ ਕੁਝ ਨਾਸਤਿਕਤਾ ਦੇ ਉਭਾਰ ਨਾਲ ਕਿਵੇਂ ਜੁੜਿਆ ਹੋਇਆ ਹੈ ?

ਇਤਿਹਾਸ ਗਵਾਹ ਹੈ ਕਿ ਜਦੋਂ ਖਗੋਲ ਵਿਗਿਆਨੀਆਂ (Astronomers) ਨੇ ਸੂਰਜ ਮੰਡਲ ਦੀ ਖੋਜ ਕੀਤੀ, ਤਾਂ ਇਹ ਸੱਚ ਸਾਹਮਣੇ ਆਇਆ ਕਿ ਸੂਰਜ ਬ੍ਰਹਿਮੰਡ ਦੇ ਕੇਂਦਰ ਵਿੱਚ (ਸਾਡੇ ਪ੍ਰਣਾਲੀ ਮੁਤਾਬਕ) ਸਥਿਰ ਹੈ ਅਤੇ ਧਰਤੀ ਸੂਰਜ ਦੁਆਲੇ ਘੁੰਮਦੀ ਹੈ। ਗੈਲੀਲੀਓ ਅਤੇ ਕੋਪਰਨਿਕਸ ਵਰਗੇ ਵਿਗਿਆਨੀਆਂ ਨੇ ਜਦੋਂ ਇਹ ਸਿੱਧ ਕੀਤਾ, ਤਾਂ ਬਾਈਬਲ ਦੀਆਂ ਪਰੰਪਰਾਗਤ ਮਾਨਤਾਵਾਂ ਨੂੰ ਮੰਨਣ ਵਾਲੇ ਕੱਟੜ ਪਾਦਰੀ ਅਤੇ ਤਤਕਾਲੀ ਰਾਜੇ ਵਿਗਿਆਨ ਦੇ ਵਿਰੁੱਧ ਹੋ ਗਏ। ਧਰਮ ਦੇ ਨਾਂਅ 'ਤੇ ਵਿਗਿਆਨੀਆਂ ਨੂੰ ਤਸੀਹੇ ਦਿੱਤੇ ਗਏ ਅਤੇ ਮਾਰਿਆ ਗਿਆ, ਕਿਉਂਕਿ ਵਿਗਿਆਨ ਧਾਰਮਕ ਗ੍ਰੰਥਾਂ ਦੀਆਂ ਪੁਰਾਣੀਆਂ ਧਾਰਨਾਵਾਂ ਨੂੰ ਚੁਣੌਤੀ ਦੇ ਰਿਹਾ ਸੀ।

ਇਸ ਵਿਗਿਆਨਕ ਕ੍ਰਾਂਤੀ ਦੇ ਦੌਰ ਵਿੱਚ ਸੰਨ 1859 ਵਿੱਚ ਚਾਰਲਸ ਡਾਰਵਿਨ ਨੇ ਆਪਣੀ ਕਿਤਾਬ 'ਦੀ ਓਰੀਜਨ ਆਫ਼ ਸਪੀਸੀਜ਼' (The Origin of Species) ਪ੍ਰਕਾਸ਼ਤ ਕੀਤੀ। ਇਸ ਕਿਤਾਬ ਨੇ ਸਾਰੀ ਦੁਨੀਆ ਦੀ ਸੋਚ ਦਾ ਰੁਖ਼ ਹੀ ਬਦਲ ਦਿੱਤਾ। ਇਸ ਸਿਧਾਂਤ ਨੇ ਰੱਬ ਦੁਆਰਾ ਸਾਰੀ ਸ੍ਰਿਸ਼ਟੀ ਨੂੰ ਇੱਕੋ ਪਲ ਵਿੱਚ ਸਾਜਣ ਦੇ ਧਾਰਮਿਕ ਦਾਅਵੇ (Divine Creation) ਦੀ ਜੜ੍ਹ ਵੱਢ ਦਿੱਤੀ ਅਤੇ ਸਿੱਧ ਕੀਤਾ ਕਿ ਜੀਵਨ ਹੌਲੀ-ਹੌਲੀ ਹੋਏ ਵਿਕਾਸ (Evolution) ਦਾ ਨਤੀਜਾ ਹੈ।

ਇਸ ਤੋਂ ਕੁਝ ਸਾਲਾਂ ਬਾਅਦ ਯੂਰਪ ਦੇ ਮਹਾਨ ਚਿੰਤਕ ਕਾਰਲ ਮਾਰਕਸ ਨੇ ਵਿਗਿਆਨਕ ਅਤੇ ਆਰਥਿਕ ਨਜ਼ਰੀਏ ਤੋਂ 'ਦਾਸ ਕੈਪੀਟਲ' (Das Kapital) ਨਾਮੀ ਇਤਿਹਾਸਕ ਪੁਸਤਕ ਲਿਖੀ। ਮਾਰਕਸ ਨੇ ਦੁਨੀਆ ਦੇ ਸਾਹਮਣੇ ਪੂੰਜੀਵਾਦੀ ਸਿਸਟਮ ਦਾ ਅਸਲ ਚਿਹਰਾ ਨੰਗਾ ਕੀਤਾ ਅਤੇ ਦੱਸਿਆ ਕਿ ਕਿਵੇਂ ਅਮੀਰ ਜਮਾਤ ਗ਼ਰੀਬ ਕਿਰਤੀ ਕਲਾਸ (ਮਜ਼ਦੂਰਾਂ) ਦਾ ਸ਼ੋਸ਼ਣ ਕਰਦੀ ਹੈ। ਉਨ੍ਹਾ ਇਹ ਵੀ ਸਪੱਸ਼ਟ ਕੀਤਾ ਕਿ ਧਰਮ ਦਾ ਇਸਤੇਮਾਲ ਅਕਸਰ ਗ਼ਰੀਬਾਂ ਨੂੰ ਸ਼ਾਂਤ ਰੱਖਣ ਅਤੇ ਉਨ੍ਹਾਂ ਦੀ ਕਿਸਮਤ ਦੇ ਨਾਂਅ 'ਤੇ ਲੁੱਟ ਕਰਨ ਲਈ ਕੀਤਾ ਜਾਂਦਾ ਹੈ। ਮਾਰਕਸ ਦੇ ਇਸ ਕਥਨ ਨੇ ਕਿ ਧਰਮ ਲੋਕਾਂ ਲਈ ਅਫ਼ੀਮ ਹੈ, ਦੁਨੀਆ ਭਰ ਦੇ ਮਜ਼ਦੂਰਾਂ ਅਤੇ ਬੁੱਧੀਜੀਵੀਆਂ ਨੂੰ ਝੰਜੋੜ ਕੇ ਰੱਖ ਦਿੱਤਾ।

ਇਨ੍ਹਾਂ ਦੋ ਵੱਡੀਆਂ ਕ੍ਰਾਂਤੀਆਂ (ਡਾਰਵਿਨ ਦੇ ਜੀਵ-ਵਿਗਿਆਨ ਅਤੇ ਮਾਰਕਸ ਦੇ ਸਮਾਜਿਕ-ਆਰਥਿਕ ਸਿਧਾਂਤ) ਨੇ ਲੋਕਾਂ ਨੂੰ ਧਰਮ ਅਤੇ ਵਿਗਿਆਨ ਬਾਰੇ ਬਿਲਕੁਲ ਨਵੇਂ ਢੰਗ ਨਾਲ ਸੋਚਣ ਲਈ ਮਜਬੂਰ ਕਰ ਦਿੱਤਾ। ਨਤੀਜੇ ਵਜੋਂ ਥਾਂ-ਥਾਂ ਮੌਜੂਦਾ ਰਾਜਨੀਤਕ ਅਤੇ ਧਾਰਮਿਕ ਪ੍ਰਬੰਧ ਵਿਰੁੱਧ ਮੁਜ਼ਾਹਰੇ ਅਤੇ ਹੜਤਾਲਾਂ ਹੋਣ ਲੱਗੀਆਂ। ਕਈ ਦੇਸ਼ਾਂ ਵਿੱਚ ਵੱਡੇ ਰਾਜ-ਪਲਟੇ ਹੋਏ, ਸਦੀਆਂ ਪੁਰਾਣੀਆਂ ਬਾਦਸ਼ਾਹਤਾਂ ਖ਼ਤਮ ਹੋਈਆਂ ਅਤੇ ਸਮਾਜਵਾਦੀ ਸਰਕਾਰਾਂ ਬਣੀਆਂ। ਲੋਕਾਂ ਨੇ ਦੇਖਿਆ ਕਿ ਜਿਸ ਬਦਲਾਅ ਲਈ ਉਹ ਸਾਲਾਂ ਤੋਂ ਰੱਬ ਅੱਗੇ ਅਰਦਾਸਾਂ ਕਰ ਰਹੇ ਸਨ, ਉਹ ਬਦਲਾਅ ਮਨੁੱਖੀ ਸੰਘਰਸ਼ ਅਤੇ ਵਿਗਿਆਨਕ ਸੋਚ ਨਾਲ ਸੰਭਵ ਹੋਇਆ। ਧਰਮ ਦੇ ਪ੍ਰਭਾਵ ਦੇ ਘਟਣ ਅਤੇ ਤਰਕਸ਼ੀਲਤਾ ਦੇ ਵਧਣ ਨਾਲ ਹੀ ਦੁਨੀਆ ਵਿੱਚ ਨਾਸਤਿਕਤਾ (Atheism) ਦਾ ਦੌਰ ਸ਼ੁਰੂ ਹੋਇਆ ਅਤੇ ਮਨੁੱਖ ਨੇ ਅੰਨ੍ਹੀ ਸ਼ਰਧਾ ਦੀ ਬਜਾਏ ਹਰ ਚੀਜ਼ ਨੂੰ ਵਿਗਿਆਨ ਦੀ ਕਸੌਟੀ 'ਤੇ ਪਰਖਣਾ ਸ਼ੁਰੂ ਕਰ ਦਿੱਤਾ।

# ਬੇਰੁਜ਼ਗਾਰ ਨੌਜਵਾਨਾਂ ਨੂੰ ਕਾਕਰੋਚ ਕਹਿਣਾ ਸੜ ਰਹੇ ਮੌਜੂਦਾ ਪ੍ਰਬੰਧ ਦਾ ਪ੍ਰਗਟਾਵਾ



ਐੱਮ ਐੱਸ ਭਾਟੀਆ

ਭਾਰਤ ਵਿੱਚ ਬੇਰੁਜ਼ਗਾਰੀ ਅੱਜ ਸਭ ਤੋਂ ਵੱਡੇ ਸਮਾਜਿਕ ਅਤੇ ਆਰਥਿਕ ਸੰਕਟਾਂ ਵਿੱਚੋਂ ਇੱਕ ਬਣ ਚੁੱਕੀ ਹੈ। ਕਰੋੜਾਂ ਪੜ੍ਹੇ-ਲਿਖੇ ਨੌਜਵਾਨ ਡਿਗਰੀਆਂ ਹੱਥ ਵਿੱਚ ਲੈ ਕੇ ਨੌਕਰੀਆਂ ਲਈ ਧੱਕੇ ਖਾ ਰਹੇ ਹਨ। ਹਰ ਸਾਲ ਲੱਖਾਂ ਨੌਜਵਾਨ ਸਰਕਾਰੀ ਭਰਤੀਆਂ ਅਤੇ ਦਾਖ਼ਲਾ ਪ੍ਰੀਖਿਆਵਾਂ ਦੀ ਤਿਆਰੀ ਕਰਦੇ ਹਨ, ਪਰ ਅਸਾਮੀਆਂ ਘਟ ਰਹੀਆਂ ਹਨ, ਭਰਤੀ ਪ੍ਰਕਿਰਿਆ ਸਾਲਾਂ ਲਟਕਦੀ ਰਹਿੰਦੀ ਹੈ ਅਤੇ ਪੇਪਰ ਲੀਕ ਵਰਗੇ ਘੁਟਾਲੇ ਉਨ੍ਹਾਂ ਦੀ ਜ਼ਿੰਦਗੀ ਨਾਲ ਖੇਡ ਰਹੇ ਹਨ। ਐਸੇ ਸਮੇਂ ਜਦੋਂ ਦੇਸ਼ ਦੇ ਸਭ ਤੋਂ ਉੱਚੇ ਸੰਵਿਧਾਨਕ ਅਹੁਦਿਆਂ ਨਾਲ ਜੁੜੇ ਲੋਕਾਂ ਵੱਲੋਂ ਬੇਰੁਜ਼ਗਾਰ ਨੌਜਵਾਨਾਂ ਨੂੰ ਕਾਕਰੋਚ ਵਰਗੀਆਂ ਉਪਮਾਵਾਂ ਨਾਲ ਜੋੜਿਆ ਜਾਂਦਾ ਹੈ, ਤਾਂ ਇਹ ਸਿਰਫ਼ ਇੱਕ ਟਿੱਪਣੀ ਨਹੀਂ ਰਹਿੰਦੀ, ਸਗੋਂ ਹਾਕਮ ਜਮਾਤ ਦੀ ਜਨ-ਵਿਰੋਧੀ ਮਾਨਸਿਕਤਾ ਦਾ ਨੰਗਾ ਪ੍ਰਗਟਾਵਾ ਬਣ ਜਾਂਦੀ ਹੈ।

ਭਾਵੇਂ ਬਾਅਦ ਵਿੱਚ ਇਸ ਬਿਆਨ ਬਾਰੇ ਸਫਾਈਆਂ ਦਿੱਤੀਆਂ ਗਈਆਂ, ਪਰ ਇਸ ਵਿਵਾਦ ਨੇ ਇੱਕ ਬੁਨਿਆਦੀ ਸਵਾਲ ਖੜ੍ਹਾ ਕੀਤਾ ਹੈ —ਕੀ ਇਸ ਦੇਸ਼ ਦੀ ਸੱਤਾ ਅਤੇ ਉੱਚ ਸੰਸਥਾਵਾਂ ਵਿੱਚ ਬੈਠੇ ਲੋਕ ਆਮ ਨੌਜਵਾਨਾਂ ਦੀ ਪੀੜਾ ਨੂੰ ਸਮਝਣ ਦੀ ਸਮਰੱਥਾ ਖੋ ਰਹੇ ਹਨ ? ਜਦੋਂ ਕੋਈ ਨੌਜਵਾਨ ਸਾਲਾਂ ਤੱਕ ਪੜ੍ਹਾਈ ਕਰਕੇ, ਕੋਚਿੰਗਾਂ ਵਿੱਚ ਹਜ਼ਾਰਾਂ-ਲੱਖਾਂ ਰੁਪਏ ਖਰਚ ਕਰਕੇ, ਪ੍ਰੀਖਿਆਵਾਂ ਦੇ ਕੇ ਵੀ ਬੇਰੁਜ਼ਗਾਰ ਰਹਿੰਦਾ ਹੈ, ਤਾਂ ਉਹ ਸਿਰਫ਼ ਇੱਕ ਅੰਕੜਾ ਨਹੀਂ ਹੁੰਦਾ, ਉਹ ਇੱਕ ਟੁੱਟਦਾ ਹੋਇਆ ਸੁਪਨਾ ਹੁੰਦਾ ਹੈ, ਪਰ ਪੂੰਜੀਵਾਦੀ ਪ੍ਰਣਾਲੀ ਅਤੇ ਉਸ ਦੇ ਰਖਵਾਲੇ ਨੌਜਵਾਨਾਂ ਨੂੰ ਇਨਸਾਨਾਂ ਵਜੋਂ ਨਹੀਂ, ਸਗੋਂ ਭੀੜ ਵਜੋਂ ਦੇਖਦੇ ਹਨ, ਜਿਸ ਨੂੰ ਕਦੇ ਭਟਕਾਇਆ ਜਾਂਦਾ ਹੈ ਤੇ ਕਦੇ ਬਦਨਾਮ ਕੀਤਾ ਜਾਂਦਾ ਹੈ।

ਇਹ ਪਹਿਲੀ ਵਾਰ ਨਹੀਂ ਕਿ ਹਾਕਮ ਵਰਗ ਨੇ ਲੋਕਾਂ ਦੇ ਸੰਘਰਸ਼ ਨੂੰ ਤੌਹੀਨ ਨਾਲ ਦੇਖਿਆ ਹੋਵੇ। ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਨੂੰ ਦੇਸ਼ ਵਿਰੋਧੀ, ਖਾਲਿਸਤਾਨੀ ਅਤੇ ਅੰਦੋਲਨਜੀਵੀ ਕਿਹਾ ਗਿਆ। ਵਿਦਿਆਰਥੀ ਅੰਦੋਲਨਾਂ ਨੂੰ ਅਰਬਨ ਨਕਸਲ ਦਾ ਨਾਂਅ ਦਿੱਤਾ ਗਿਆ। ਮਜ਼ਦੂਰਾਂ ਦੇ ਹੱਕਾਂ ਦੀ ਗੱਲ ਕਰਨ ਵਾਲਿਆਂ ਨੂੰ ਵਿਕਾਸ ਵਿਰੋਧੀ ਦੱਸਿਆ ਗਿਆ। ਹੁਣ ਜਦੋਂ ਬੇਰੁਜ਼ਗਾਰ ਨੌਜਵਾਨ ਆਪਣੇ ਹੱਕਾਂ ਦੀ ਗੱਲ ਕਰ ਰਹੇ ਹਨ, ਤਾਂ ਉਨ੍ਹਾਂ ਨੂੰ ਵੀ ਅਪਮਾਨਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਫਾਸ਼ੀਵਾਦੀ ਰਾਜਨੀਤੀ ਦਾ ਪੁਰਾਣਾ ਤਰੀਕਾ ਹੈ, ਪਹਿਲਾਂ ਲੋਕਾਂ ਨੂੰ ਗੈਰ-ਇਨਸਾਨੀ ਬਣਾਓ, ਫਿਰ ਉਨ੍ਹਾਂ ਦੇ ਹੱਕ ਖੋਹ ਲਵੋ।

ਇਸ ਸਾਰੇ ਮਾਹੌਲ ਵਿੱਚ ਸੋਸ਼ਲ ਮੀਡੀਆ 'ਤੇ ਲੋਕਾਂ ਨੇ ਟਕੋਰ ਕਰਨ ਦੇ ਢੰਗ ਨਾਲ ਕਾਕਰੋਚ ਜਨਤਾ ਪਾਰਟੀ ਵਰਗੇ ਸ਼ਬਦ ਵੀ ਵਰਤਣੇ ਸ਼ੁਰੂ ਕਰ ਦਿੱਤੇ। ਇਹ ਸਿਰਫ਼ ਇੱਕ ਮਜ਼ਾਕ ਨਹੀਂ ਸੀ, ਸਗੋਂ ਲੋਕਾਂ ਦੇ ਅੰਦਰਲੇ ਗੁੱਸੇ ਅਤੇ ਨਿਰਾਸ਼ਾ ਦਾ ਪ੍ਰਗਟਾਵਾ ਸੀ। ਜਦੋਂ ਸੱਤਾ ਅਤੇ ਉੱਚ ਅਹੁਦਿਆਂ 'ਤੇ ਬੈਠੇ ਲੋਕ ਆਮ ਜਨਤਾ ਨੂੰ ਤੌਹੀਨ ਨਾਲ ਦੇਖਣ ਲੱਗਣ, ਤਾਂ ਲੋਕ ਵੀ ਉਨ੍ਹਾਂ ਦੀ ਰਾਜਨੀਤੀ ਅਤੇ ਮਾਨਸਿਕਤਾ ਦਾ ਵਿਅੰਗ ਰਾਹੀਂ ਜਵਾਬ ਦਿੰਦੇ ਹਨ। ਕਾਕਰੋਚ ਜਨਤਾ ਪਾਰਟੀ ਵਰਗੇ ਤਨਜ਼ ਇਸ ਗੱਲ ਦਾ ਸੰਕੇਤ ਹਨ ਕਿ ਆਮ ਲੋਕ ਹੁਣ ਸਿਰਫ਼ ਚੁੱਪਚਾਪ ਅਪਮਾਨ ਸਹਿਣ ਲਈ ਤਿਆਰ ਨਹੀਂ ਹਨ।

ਅਸਲ ਵਿੱਚ ਹਾਕਮ ਜਮਾਤ ਨੂੰ ਨੌਜਵਾਨਾਂ ਤੋਂ ਨਹੀਂ, ਉਨ੍ਹਾਂ ਦੇ ਸਵਾਲਾਂ ਤੋਂ ਡਰ ਹੈ, ਕਿਉਂਕਿ ਨੌਜਵਾਨ ਪੁੱਛ ਰਹੇ ਹਨ ਕਿ ਜਦੋਂ ਦੇਸ਼ ਦੇ ਕੁਝ ਵੱਡੇ ਕਾਰਪੋਰੇਟ ਘਰਾਣਿਆਂ ਦੀ ਦੌਲਤ ਹਰ ਰੋਜ਼ ਵਧ ਰਹੀ ਹੈ, ਤਾਂ ਨੌਕਰੀਆਂ ਕਿਉਂ ਘਟ ਰਹੀਆਂ ਹਨ ? ਸਰਕਾਰੀ ਅਦਾਰਿਆਂ ਨੂੰ ਕਿਉਂ ਵੇਚਿਆ ਜਾ ਰਿਹਾ ਹੈ ? ਰੇਲਵੇ, ਬੈਂਕ, ਬੀਮਾ, ਸਿੱਖਿਆ ਅਤੇ ਸਿਹਤ ਵਰਗੇ ਖੇਤਰਾਂ ਨੂੰ ਨਿੱਜੀ ਹੱਥਾਂ ਵਿੱਚ ਕਿਉਂ ਦਿੱਤਾ ਜਾ ਰਿਹਾ ਹੈ ? ਕਿਉਂ ਮਿਹਨਤਕਸ਼ ਵਰਗ ਦੇ ਬੱਚਿਆਂ ਲਈ ਪੱਕੀ ਨੌਕਰੀ ਇੱਕ ਸੁਪਨਾ ਬਣਦੀ ਜਾ ਰਹੀ ਹੈ ?

ਪਿਛਲੇ ਕੁਝ ਸਾਲਾਂ ਵਿੱਚ ਪੇਪਰ ਲੀਕ ਅਤੇ ਭਰਤੀ ਘੁਟਾਲਿਆਂ ਨੇ ਨੌਜਵਾਨਾਂ ਦਾ ਭਵਿੱਖ ਹੀ ਨਹੀਂ, ਸਗੋਂ ਪੂਰੀ ਪ੍ਰਣਾਲੀ ਦੀ ਭਰੋਸੇਯੋਗਤਾ ਨੂੰ ਸਵਾਲਾਂ ਹੇਠ ਲਿਆ ਦਿੱਤਾ ਹੈ। ਹੁਣੇ ਹੀ ਹੋਏ ਨੀਟ ਦੇ ਪੇਪਰ ਲੀਕ ਹੋਣ ਦੇ ਘੁਟਾਲੇ ਨੇ ਦੇਸ਼ ਭਰ ਦੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਲੱਖਾਂ ਵਿਦਿਆਰਥੀਆਂ ਨੇ ਦਿਨ-ਰਾਤ ਮਿਹਨਤ ਕਰਕੇ ਪ੍ਰੀਖਿਆ ਦਿੱਤੀ, ਪਰ ਪੇਪਰ ਲੀਕ ਅਤੇ ਗੜਬੜੀਆਂ ਦੇ ਦੋਸ਼ਾਂ ਨੇ ਉਨ੍ਹਾਂ ਦੀ ਮਿਹਨਤ 'ਤੇ ਸਵਾਲ ਖੜ੍ਹੇ ਕਰ ਦਿੱਤੇ। ਇਸ ਤੋਂ ਪਹਿਲਾਂ ਵੀ ਰੇਲਵੇ ਭਰਤੀਆਂ, ਐੱਸ ਐੱਸ ਸੀ, ਪੁਲਸ ਭਰਤੀਆਂ ਅਤੇ ਹੋਰ ਕਈ ਪ੍ਰੀਖਿਆਵਾਂ ਪੇਪਰ ਲੀਕ ਜਾਂ ਧਾਂਦਲੀਆਂ ਕਾਰਨ ਰੱਦ ਹੋ ਚੁੱਕੀਆਂ ਹਨ। ਰੇਲਵੇ ਰਿਕਰੂਟਮੈਂਟ ਬੋਰਡ ਦੀਆਂ ਪ੍ਰੀਖਿਆਵਾਂ ਨੂੰ ਲੈ ਕੇ ਵੀ ਵੱਡੇ ਵਿਵਾਦ ਸਾਹਮਣੇ ਆਏ, ਜਿਨ੍ਹਾਂ ਖ਼ਿਲਾਫ਼ ਨੌਜਵਾਨਾਂ ਨੇ ਸੜਕਾਂ 'ਤੇ ਆ ਕੇ ਪ੍ਰਦਰਸ਼ਨ ਕੀਤੇ।

ਹਰ ਪੇਪਰ ਲੀਕ ਦੇ ਪਿੱਛੇ ਸਿਰਫ਼ ਕੁਝ ਦਲਾਲ ਨਹੀਂ ਹੁੰਦੇ, ਸਗੋਂ ਇੱਕ ਪੂਰਾ ਭ੍ਰਿਸ਼ਟ ਗਠਜੋੜ ਹੁੰਦਾ ਹੈ, ਜਿਸ ਵਿੱਚ ਕੋਚਿੰਗ ਮਾਫੀਆ, ਅਧਿਕਾਰੀ ਅਤੇ ਰਾਜਨੀਤਕ ਸਹਾਰਾ ਸ਼ਾਮਲ ਹੁੰਦਾ ਹੈ, ਪਰ ਕਾਰਵਾਈ ਜ਼ਿਆਦਾਤਰ ਛੋਟੇ ਲੋਕਾਂ 'ਤੇ ਹੁੰਦੀ ਹੈ, ਜਦਕਿ ਅਸਲ ਦੋਸ਼ੀ ਬਚ ਨਿਕਲਦੇ ਹਨ।

ਇਸ ਸਾਰੇ ਮਾਹੌਲ ਵਿੱਚ ਨਿਆਂ ਪਾਲਿਕਾ ਦੀ ਭੂਮਿਕਾ ਵੀ ਗੰਭੀਰ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਲੋਕਤੰਤਰ ਵਿੱਚ ਨਿਆਂ ਪਾਲਿਕਾ ਨੂੰ ਸੰਵਿਧਾਨ ਅਤੇ ਲੋਕਾਂ ਦੇ ਹੱਕਾਂ ਦੀ ਰੱਖਿਆ ਕਰਨ ਵਾਲਾ ਮੰਨਿਆ ਜਾਂਦਾ ਹੈ, ਪਰ ਪਿਛਲੇ ਕੁਝ ਸਾਲਾਂ ਵਿੱਚ ਕਈ ਐਸੀਆਂ ਘਟਨਾਵਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਨੇ ਨਿਆਂ ਪਾਲਿਕਾ ਦੀ ਸੁਤੰਤਰਤਾ ਬਾਰੇ ਸਵਾਲ ਖੜ੍ਹੇ ਕੀਤੇ ਹਨ। ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਰੰਜਨ ਗੋਗੋਈ ਦਾ ਉਦਾਹਰਨ ਇਸ ਸੰਦਰਭ ਵਿੱਚ ਬਹੁਤ ਚਰਚਿਤ ਰਿਹਾ। ਰਾਮ ਜਨਮ ਭੂਮੀ ਬਾਬਰੀ ਮਸਜਿਦ ਵਿਵਾਦ ਵਿੱਚ ਉਹਨਾ ਵੱਲੋਂ ਦਿੱਤੇ ਫੈਸਲੇ ਕਰਕੇ ਉਨ੍ਹਾ ਦੇ ਰਿਟਾਇਰ ਹੋਣ ਤੋਂ ਕੁਝ ਹੀ ਸਮੇਂ ਬਾਅਦ ਉਨ੍ਹਾ ਨੂੰ ਰਾਜ ਸਭਾ ਵਿੱਚ ਨਾਮਜ਼ਦ ਕੀਤਾ ਗਿਆ। ਜਿਸ ਵਿਅਕਤੀ ਨੇ ਦੇਸ਼ ਦੀ ਸਭ ਤੋਂ ਉੱਚੀ ਅਦਾਲਤ ਦੀ ਅਗਵਾਈ ਕੀਤੀ ਹੋਵੇ, ਉਸ ਨੂੰ ਤੁਰੰਤ ਰਾਜਨੀਤਕ ਅਹੁਦਾ ਮਿਲਣਾ ਸੁਭਾਵਿਕ ਤੌਰ 'ਤੇ ਸਵਾਲ ਪੈਦਾ ਕਰਦਾ ਹੈ ਕਿ ਕੀ ਉੱਚ ਅਹੁਦਿਆਂ 'ਤੇ ਬੈਠੇ ਲੋਕ ਰਿਟਾਇਰਮੈਂਟ ਤੋਂ ਬਾਅਦ ਮਿਲਣ ਵਾਲੇ ਇਨਾਮਾਂ ਦੀ ਉਮੀਦ ਵਿੱਚ ਫ਼ੈਸਲੇ ਕਰਦੇ ਹਨ ?

ਇਹ ਸਿਰਫ਼ ਇੱਕ ਮਾਮਲਾ ਨਹੀਂ। ਕਈ ਰਿਟਾਇਰਡ ਜੱਜ, ਨੌਕਰ ਸ਼ਾਹ ਅਤੇ ਉੱਚ ਅਧਿਕਾਰੀ ਰਿਟਾਇਰਮੈਂਟ ਤੋਂ ਬਾਅਦ ਰਾਜਪਾਲ, ਕਮਿਸ਼ਨ ਮੁਖੀ, ਟ੍ਰਿਬਿਊਨਲ ਮੈਂਬਰ ਜਾਂ ਹੋਰ ਸੰਵਿਧਾਨਕ ਅਹੁਦਿਆਂ 'ਤੇ ਨਿਯੁਕਤ ਕੀਤੇ ਜਾਂਦੇ ਹਨ। ਇਸ ਨਾਲ ਆਮ ਲੋਕਾਂ ਦੇ ਮਨ ਵਿੱਚ ਇਹ ਸ਼ੱਕ ਪੈਦਾ ਹੁੰਦਾ ਹੈ ਕਿ ਕੀ ਸੱਤਾ ਅਤੇ ਸੰਸਥਾਵਾਂ ਦੇ ਵਿਚਕਾਰ ਇੱਕ ਅਦ੍ਰਿਸ਼ਟ ਗਠਜੋੜ ਬਣ ਚੁੱਕਾ ਹੈ। ਜਦੋਂ ਉੱਚ ਅਹੁਦਿਆਂ 'ਤੇ ਬੈਠੇ ਲੋਕਾਂ ਲਈ ਰਿਟਾਇਰਮੈਂਟ ਤੋਂ ਬਾਅਦ ਵੀ ਅਹੁਦਿਆਂ ਦੇ ਦਰਵਾਜ਼ੇ ਖੁੱਲ੍ਹੇ ਰਹਿੰਦੇ ਹਨ, ਤਾਂ ਉਹ ਆਮ ਲੋਕਾਂ ਦੀਆਂ ਮੁਸ਼ਕਲਾਂ ਤੋਂ ਹੋਰ ਵੀ ਦੂਰ ਹੋ ਜਾਂਦੇ ਹਨ।

ਅੱਜ ਭਾਰਤ ਦਾ ਨੌਜਵਾਨ ਸਿਰਫ਼ ਰੁਜ਼ਗਾਰ ਨਹੀਂ ਮੰਗ ਰਿਹਾ, ਉਹ ਇੱਜ਼ਤ ਨਾਲ ਜਿਉਣ ਦਾ ਹੱਕ ਮੰਗ ਰਿਹਾ ਹੈ। ਉਹ ਚਾਹੁੰਦਾ ਹੈ ਕਿ ਸਿੱਖਿਆ ਅਤੇ ਨੌਕਰੀ ਮੂਲ ਅਧਿਕਾਰ ਬਣਨ, ਨਾ ਕਿ ਬਾਜ਼ਾਰ ਦੀ ਵਸਤੂ, ਪਰ ਪੂੰਜੀਵਾਦੀ ਪ੍ਰਣਾਲੀ ਲਈ ਨੌਜਵਾਨ ਸਿਰਫ਼ ਸਸਤਾ ਮਜ਼ਦੂਰ ਹੈ। ਜਦ ਤੱਕ ਉਹ ਚੁੱਪ ਰਹੇ ਅਤੇ ਸਵਾਲ ਨਾ ਪੁੱਛੇ, ਤਦ ਤੱਕ ਉਹ ਦੇਸ਼ ਦਾ ਭਵਿੱਖ ਕਹਾਉਂਦਾ ਹੈ, ਪਰ ਜਿਵੇਂ ਹੀ ਉਹ ਹੱਕਾਂ ਦੀ ਗੱਲ ਕਰਦਾ ਹੈ, ਉਸ ਨੂੰ ਅਰਾਜਕ, ਦੇਸ਼ ਵਿਰੋਧੀ ਜਾਂ ਕਾਕਰੋਚ ਬਣਾਉਣ ਦੀ ਕੋਸ਼ਿਸ਼ ਹੁੰਦੀ ਹੈ।ਇਤਿਹਾਸ ਗਵਾਹ ਹੈ ਕਿ ਹਾਕਮ ਜਮਾਤਾਂ ਨੇ ਹਮੇਸ਼ਾ ਲੋਕਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਆਖ਼ਰਕਾਰ ਜਿੱਤ ਮਿਹਨਤਕਸ਼ ਲੋਕਾਂ ਦੀ ਹੀ ਹੋਈ ਹੈ। ਅੱਜ ਲੋੜ ਹੈ ਕਿ ਬੇਰੁਜ਼ਗਾਰ ਨੌਜਵਾਨ, ਮਜ਼ਦੂਰ, ਕਿਸਾਨ ਅਤੇ ਵਿਦਿਆਰਥੀ ਇਕੱਠੇ ਹੋ ਕੇ ਰੁਜ਼ਗਾਰ, ਸਿੱਖਿਆ ਅਤੇ ਸਮਾਜਿਕ ਇਨਸਾਫ਼ ਲਈ ਸੰਘਰਸ਼ ਮਜ਼ਬੂਤ ਕਰਨ, ਕਿਉਂਕਿ ਹੱਕ ਕਦੇ ਖ਼ੈਰਾਤ ਵਜੋਂ ਨਹੀਂ ਮਿਲਦੇ, ਉਹ ਸੰਘਰਸ਼ਾਂ ਰਾਹੀਂ ਹਾਸਲ ਕੀਤੇ ਜਾਂਦੇ ਹਨ।

ਬੇਰੁਜ਼ਗਾਰ ਨੌਜਵਾਨ ਕਾਕਰੋਚ ਨਹੀਂ ਹਨ, ਉਹ ਇਸ ਦੇਸ਼ ਦੀ ਮਿਹਨਤਕਸ਼ ਤਾਕਤ ਹਨ, ਜੋ ਆਪਣੀ ਮਿਹਨਤ ਨਾਲ ਸਮਾਜ ਨੂੰ ਚਲਾਉਂਦੇ ਹਨ। ਇਤਿਹਾਸ ਹਮੇਸ਼ਾ ਉਨ੍ਹਾਂ ਦੇ ਪੱਖ ਵਿੱਚ ਖੜ੍ਹਦਾ ਹੈ, ਜੋ ਇਨਸਾਫ਼, ਬਰਾਬਰੀ ਅਤੇ ਮਨੁੱਖੀ ਸਨਮਾਨ ਲਈ ਲੜਦੇ ਹਨ। ਦੇਸ਼ ਦੀ ਸੱਤਾਧਾਰੀ ਸਰਕਾਰ ਨੂੰ ਪਿਛਲੇ ਸਮੇਂ ਵਿੱਚ ਆਪਣੇ ਆਂਢ-ਗੁਆਂਢ ਵਿੱਚ ਵਾਪਰਦੀਆਂ ਘਟਨਾਵਾਂ ਨੂੰ ਅੱਖੋਂ-ਪਰੋਖੇ ਨਹੀਂ ਕਰਨਾ ਚਾਹੀਦਾ- ਚਾਹੇ ਉਹ ਨੇਪਾਲ ਹੋਵੇ, ਬੰਗਲਾਦੇਸ਼ ਹੋਵੇ ਜਾਂ ਸ੍ਰੀਲੰਕਾ ਹੋਵੇ।

# ਸੰਪਰਕ : 99884-91002

# ਕੁੱਤਿਆਂ ਦੀ ਸਮੱਸਿਆ ਲਈ ਸੁਪਰੀਮ ਕੋਰਟ ਦੀ ਸਖਤੀ

ਸੁਖਪਾਲ ਸਿੰਘ ਗਿੱਲ

7 ਨਵੰਬਰ 2025 ਦੇ ਆਪਣੇ ਹੁਕਮ ਨੂੰ ਜਾਇਜ਼ ਠਹਿਰਾਉਂਦਿਆਂ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਮਨੁੱਖੀ ਜਾਨਾਂ ਕੀਮਤੀ ਅਤੇ ਪਹਿਲਾਂ ਹਨ, ਇਨ੍ਹਾਂ ਨੂੰ ਕੁੱਤਿਆਂ ਦੀ ਆੜ ਹੇਠ ਨਹੀਂ ਰੱਖਿਆ ਜਾ ਸਕਦਾ। ਨਿਤ ਦਿਨ ਅਖ਼ਬਾਰ ਦੀਆਂ ਸੁਰਖੀਆਂ ਕੁੱਤਿਆਂ ਦੇ ਕੱਟਣ ਦੀਆਂ ਹੁੰਦੀਆਂ ਹਨ। ਇਹਨਾਂ ਪਿੱਛੇ ਵੱਡਾ ਕਾਰਨ ਇਹ ਹੈ ਕਿ ਕੁੱਤੇ ਅਵਾਰਾ ਕਿਉਂ ਹੁੰਦੇ ਹਨ ? ਇਹ ਹੈ ਕਿ ਇਹਨਾਂ ਬਾਰੇ ਸਾਡੇ ਮੁਲਕ ਵਿੱਚ ਕੋਈ ਖਾਸ ਨੀਤੀ ਨਹੀਂ, ਜੇ ਨੀਤੀ ਬਣਦੀ ਹੈ ਤਾਂ ਧਾਰਮਿਕ ਤੇ ਪਾਪ-ਪੁੰਨ ਦੇ ਫਲਸਫੇ ਵਿੱਚ ਫਸ ਜਾਂਦੀ ਹੈ। ਮਨੁੱਖ ਤੋਂ ਬਾਅਦ ਹਰ ਸਾਹ ਵਾਲੀ ਚੀਜ਼ ਨੂੰ ਜੀਉਣ ਦਾ ਅਧਿਕਾਰ ਹੈ, ਪਰ ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ' ਸਾਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਮਨੁੱਖ, ਮਨੁੱਖ ਹੈ, ਕੁੱਤਾ, ਕੁੱਤਾ ਹੈ। ਹੈਰਾਨੀ ਹੁੰਦੀ ਹੈ ਜਦ ਸੋਸ਼ਲ ਮੀਡੀਆ 'ਤੇ ਕੁੱਤਿਆਂ ਨਾਲ ਨਿਵੇਕਲੀ ਕਿਸਮ ਦੀਆਂ ਹਰਕਤਾਂ ਕੀਤੀਆਂ ਜਾਂਦੀਆਂ ਹਨ, ਜੋ ਘਟਨਾਵਾਂ ਬਣ ਜਾਦੀਆਂ ਹਨ।

ਭਾਰਤ 'ਚ 6 ਕਰੋੜ ਦੇ ਲਗਭਗ ਅਵਾਰਾ ਕੁੱਤੇ ਹਨ। ਭਾਰਤ 'ਚ ਹਰ ਸਾਲ 2 ਕਰੋੜ ਲੋਕ ਜਾਨਵਰਾਂ ਦੀ ਹਿੰਸਾ ਵਿੱਚ ਗ੍ਰਸਤ ਹੁੰਦੇ ਹਨ, ਜਿਨ੍ਹਾਂ ਵਿੱਚ 92 ਫੀਸਦੀ ਕੁੱਤਿਆਂ ਰਾਹੀਂ ਹੁੰਦੇ ਹਨ। ਸੰਸਾਰ ਸਿਹਤ ਸੰਸਥਾ ਅਨੁਸਾਰ ਹਲਕਾਅ ਕਾਰਨ ਦੁਨੀਆਂ ਦੀਆਂ ਕੁਲ ਮੌਤਾਂ ਵਿੱਚੋਂ 36 ਫੀਸਦੀ ਮੌਤਾਂ ਭਾਰਤ ਵਿੱਚ ਹੁੰਦੀਆਂ ਹਨ। 2018 ਵਿੱਚ ਲੁਧਿਆਣਾ ਵਿੱਚ 15324, ਜਲੰਧਰ ਵਿੱਚ 9839 ਅਤੇ ਹੁਸ਼ਿਆਰਪੁਰ ਵਿੱਚ 9260 ਕੁੱਤਿਆਂ ਦੇ ਕੱਟਣ ਦੀਆਂ ਘਟਨਾਵਾਂ ਹੋਈਆਂ ਸਨ। ਅੰਮ੍ਰਿਤਸਰ ਜ਼ਿਲ੍ਹੇ ਵਿੱਚ 1 ਜਨਵਰੀ 2025 ਤੋਂ ਜੂਨ 2025 ਤੱਕ 24601 ਕੁੱਤਿਆਂ ਦੇ ਕੱਟਣ ਦੀਆਂ ਘਟਨਾਵਾਂ ਹੋਈਆਂ। ਭਾਰਤ 'ਚ ਹਲਕਾਅ ਕਾਰਨ 2023 ਵਿੱਚ 50 ਮੌਤਾਂ ਅਤੇ 2024 ਵਿੱਚ 54 ਮੌਤਾਂ ਹੋਈਆਂ। ਦਿੱਲੀ ਵਿੱਚ ਪਿਛਲੇ ਦਿਨੀ ਹਲਕਾਅ ਕਾਰਨ ਇੱਕ ਵਿਦਿਆਰਥੀ ਦੀ ਮੌਤ ਹੋਈ ਸੀ।

ਭਾਰਤ 'ਚ ਪਸ਼ੂ ਜਨਮ ਨਿਯੰਤਰਣ ਨਿਯਮ 2023 ਅਵਾਰਾ ਪਸ਼ੂਆਂ ਦੇ ਪ੍ਰਬੰਧਨ ਲਈ ਲਾਗੂ ਕੀਤੇ ਗਏ ਹਨ। ਇਸੇ ਤਹਿਤ ਅਵਾਰਾ ਕੁੱਤਿਆਂ ਦੀ ਗਿਣਤੀ ਕੰਟਰੋਲ ਕਰਨ ਲਈ ਦਿਸ਼ਾ-ਨਿਰਦੇਸ਼ ਦਿੱਤੇ ਗਏ ਸਨ, ਪਰ ਸੁਪਰੀਮ ਕੋਰਟ ਨੇ ਇਸ ਨੂੰ ਬੇਤੁਕਾ ਕਰਾਰ ਦਿੱਤਾ ਹੈ। ਵੱਖ-ਵੱਖ ਦੇਸ਼ਾਂ ਵਿੱਚ ਕੁੱਤਿਆਂ ਦੀ ਸਾਂਭ-ਸੰਭਾਲ ਲਈ ਵੱਖ-ਵੱਖ ਨਿਯਮ ਹਨ। ਇੰਗਲੈਂਡ ਵਿੱਚ ਸਥਾਨਕ ਪ੍ਰਸ਼ਾਸਨ ਅਵਾਰਾ ਕੁੱਤਿਆਂ ਦੀ ਸੰਭਾਲ ਕਰਦਾ ਹੈ। ਵੱਖ-ਵੱਖ ਦੇਸ਼ਾਂ ਵਿੱਚ ਕੁੱਤਿਆਂ ਦੇ ਮਾਈਕਰੋ ਚਿੱਪਾਂ ਵੀ ਲਗਾਈਆਂ ਗਈਆਂ, ਤਾਂ ਜੋ ਕੁੱਤੇ ਦੀ ਪਛਾਣ ਹੋ ਸਕੇ। ਦੂਜੇ ਪਾਸੇ ਕੁੱਤੇ ਮਨੁੱਖ ਦੇ ਸਾਥੀ ਅਤੇ ਵਫਾਦਾਰ ਵੀ ਹੁੰਦੇ ਹਨ, ਇਸ ਪ੍ਰਤੀ ਬਾਬਾ ਬੁੱਲ੍ਹੇ ਸ਼ਾਹ ਦਾ ਕਲਾਮ ਸਾਂਝਾ ਕਰਨਾ ਬਣਦਾ ਹੈ:-

ਰਾਤੀ ਜਾਗਣ ਕੁੱਤੇ, ਕਰੇ ਇਬਾਦਤ, ਰਾਤੀ ਜਾਗਣ ਕੁੱਤੇ,
ਤੈਥੋਂ 'ਤੇ, ਭੌਂਕਣੋ ਬੰਦ ਮੂਲ ਨਾ ਹੁੰਦੇ,
ਜਾ ਰੂੜੀ 'ਤੇ ਸੁੱਤੇ ਤੈਥੋਂ ਉੱਤੇ,
ਖਸਮ ਆਪਣੇ ਦਾ ਦਰ ਨਾ ਛੱਡਦੇ ਭਾਵੇਂ ਵੱਜਣ ਜੁੱਤੇ,
ਤੈਥੋਂ 'ਤੇ, ਬੁੱਲ੍ਹੇ ਸ਼ਾਹ ਕੋਈ ਰਖਤ ਵਿਹਾਜ ਲੈ,
ਨਹੀਂ ਤੇ ਬਾਜੀ ਲੈ ਗਏ ਕੁੱਤੇ, ਤੈਥੋਂ ਉੱਤੇ।

ਪਾਲਤੂ ਕੁੱਤਿਆਂ ਨੂੰ ਭੋਜਨ ਮਿਲਦਾ ਹੈ, ਪਰ ਆਜ਼ਾਦੀ ਅਤੇ ਜੈਵਿਕ ਲੋੜਾਂ ਪੂਰੀਆਂ ਨਾ ਹੋਣ ਕਾਰਨ ਇਹ ਵੀ ਹਿੰਸਾ ਕਰਦੇ ਹਨ। ਇਹਨਾਂ ਪਾਲਤੂ ਕੁੱਤਿਆਂ ਦੇ ਸ਼ੌਕੀਨਾਂ ਲਈ ਵੀ ਸਖਤ ਨਿਯਮ ਅਤੇ ਜ਼ਿੰਮੇਵਾਰੀ ਬਣੇ, ਜਦਕਿ ਅਵਾਰਾ ਕੁੱਤੇ ਆਜ਼ਾਦੀ ਅਤੇ ਜੈਵਿਕ ਲੋੜਾਂ ਪੂਰੀਆਂ ਕਰਦੇ ਹਨ, ਪਰ ਭੋਜਨ ਨਾ ਮਿਲਣ ਕਾਰਨ ਇਹ ਵੀ ਹਿੰਸਾ ਕਰਦੇ ਹਨ।ਅਵਾਰਾ ਕੁੱਤੇ ਦੁਰਘਟਨਾਵਾਂ ਵੀ ਕਰਾਉਂਦੇ ਹਨ। ਸਕੂਟਰ, ਮੋਟਰਸਾਈਕਲਾਂ ਵਿੱਚ ਵੱਜਦੇ ਹਨ। ਜਦੋਂ ਕੋਈ ਵਾਹਨ ਲੰਘਦਾ ਹੈ ਤਾਂ ਉਸ ਦੇ ਅੱਗੇ-ਪਿੱਛੇ ਦੌੜਦੇ ਹਨ ਤਾਂ ਵੀ ਘਟਨਾਵਾਂ ਨੂੰ ਜਨਮ ਮਿਲਦਾ ਹੈ। ਕੁੱਤੇ ਦੀ ਸਰੀਰਕ ਭਾਸ਼ਾ ਸਮਝਣੀ ਵੀ ਚਾਹੀਦੀ ਹੈ। ਅਵਾਰਾ ਕੁੱਤਿਆਂ ਦੀ ਸਾਂਭ-ਸੰਭਾਲ ਹਿੱਤ ਇੱਕ ਵਿਸਥਾਰਤ ਨੀਤੀ ਦੀ ਲੋੜ ਹੈ, ਤਾਂ ਜੋ ਕੁੱਤਿਆਂ ਦੀ ਵਜਹਾ ਕਾਰਨ ਹੁੰਦੀਆਂ ਘਟਨਾਵਾਂ ਨੂੰ ਰੋਕਣ ਲਈ ਵੱਡੀ ਰਾਹਤ ਮਿਲੇ।ਇਸ ਨਾਲ ਹੀ ਕੁੱਤਿਆਂ ਨਾਲ ਹੁੰਦੀਆਂ ਘਟਨਾਵਾਂ ਤੋਂ ਬਚਿਆ ਜਾ ਸਕਦਾ ਹੈ। ਸੁਪਰੀਮ ਕੋਰਟ ਨੇ ਸਾਰੀਆਂ ਅਟਕਲਾਂ 'ਤੇ ਵਿਰਾਮ ਲਾ ਕੇ ਮਨੁੱਖ ਦੀ ਜਾਨ ਨੂੰ ਬਚਾਉਣ ਦਾ ਹੁਕਮ ਕਾਬਲੇ-ਤਰੀਫ਼ ਹੈ।

# ਸੰਪਰਕ : 98781-11445

CMYK

